Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 323, 03 ਅਕਤੂਬਰ ਤੋਂ 09 ਅਕਤੂਬਰ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕਾ ਵਿੱਚ ਸ਼ਟਡਾਊਨ ਕੀ ਹੁੰਦਾ ਹੈ, ਇਸ ਦਾ ਟਰੰਪ ਸਰਕਾਰ ਉੱਤੇ ਕੀ ਅਸਰ ਪੈ ਸਕਦਾ ਹੈ




## ਸ਼ਟਡਾਊਨ ਕੀ ਹੈ ?

ਅਮਰੀਕੀ ਸਰਕਾਰ ਨੂੰ ਚਲਾਉਣ ਲਈ ਹਰ ਸਾਲ ਇੱਕ ਬਜਟ ਪਾਸ ਕਰਨਾ ਪੈਂਦਾ ਹੈ। ਜੇਕਰ ਸੈਨੇਟ ਅਤੇ ਹਾਊਸ ਫੰਡਿੰਗ ਬਿੱਲ 'ਤੇ ਅਸਹਿਮਤ ਹੁੰਦੇ ਹਨ, ਤਾਂ ਸਰਕਾਰੀ ਏਜੰਸੀਆਂ ਦੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਸਕਦੀਆਂ ।ਨਤੀਜੇ ਵਜੋਂ, 'ਗੈਰ-ਜ਼ਰੂਰੀ' ਸੇਵਾਵਾਂ ਅਤੇ ਦਫ਼ਤਰ ਬੰਦ ਹੋ ਜਾਂਦੇ ਹਨ। ਇਸੇ ਨੂੰ ਫੈਡਰਲ ਸ਼ਟਡਾਊਨ ਕਿਹਾ ਜਾਂਦਾ ਹੈ। ਸਮੱਸਿਆ ਕੀ ਹੈ ਅਤੇ ਹਾਲਾਤ ਇੱਥੇ ਕਿਵੇਂ ਪਹੁੰਚੇ ? ਰਿਪਬਲਿਕਨ ਸਰਕਾਰ ਨੂੰ ਬਿਨ੍ਹਾਂ ਕਿਸੇ ਹੋਰ ਪਹਿਲਕਦਮੀ ਦੇ ਫੰਡ ਰਿਲੀਜ਼ ਕਰਨ ਵਾਲਾ ਬਿੱਲ ਪਾਸ ਕਰਨ ਲਈ ਜ਼ੋਰ ਪਾ ਰਹੇ ਹਨ, ਜਿਸਨੂੰ ਕਲੀਨ ਸੀਆਰ ਜਾਂ ਨਿਰੰਤਰ ਮਤਾ ਕਿਹਾ ਜਾਂਦਾ ਹੈ। ਪਰ ਉਨ੍ਹਾਂ ਕੋਲ ਸੈਨੇਟ ਵਿੱਚ ਸਿਰਫ਼ 53 ਸੀਟਾਂ ਹਨ ਅਤੇ ਅਜਿਹਾ ਬਿੱਲ ਪਾਸ ਕਰਨ ਲਈ ਉਨ੍ਹਾਂ ਨੂੰ 60 ਵੋਟਾਂ ਦੀ ਲੋੜ ਹੁੰਦੀ ਹੈ। ਇਸ ਲਈ, ਉਨ੍ਹਾਂ ਨੂੰ ਡੈਮੋਕਰੇਟਸ ਦੀ ਲੋੜ ਹੈ ਅਤੇ ਡੈਮੋਕਰੇਟ ਇਹ ਜਾਣਦੇ ਹਨ। ਉਹ ਸਿਹਤ ਸੰਭਾਲ ਵਿੱਚ ਆਪਣੇ ਨੀਤੀਗਤ ਟੀਚਿਆਂ ਨੂੰ ਅੱਗੇ ਵਧਾਉਣ ਲਈ ਇਸ ਦਾ ਲਾਭ ਉਠਾ ਰਹੇ ਹਨ। ਉਨ੍ਹਾਂ ਦੇ ਟੀਚਿਆਂ ਵਿੱਚ ਦੋ ਪੱਖ ਸ਼ਾਮਲ ਹਨ। ਇਹ ਯਕੀਨੀ ਬਣਾਉਣਾ ਕਿ ਘੱਟ ਆਮਦਨ ਵਾਲੇ ਲੋਕਾਂ ਲਈ ਸਿਹਤ ਬੀਮੇ ਲਈ ਸਬਸਿਡੀਆਂ ਦੀ ਮਿਆਦ ਖ਼ਤਮ ਨਾ ਹੋਵੇ ਟਰੰਪ ਪ੍ਰਸ਼ਾਸਨ ਵੱਲੋਂ ਮੈਡੀਕੇਡ ਵਿੱਚ ਕਟੌਤੀਆਂ ਨੂੰ ਉਲਟਾਇਆ ਜਾ ਸਕੇ ਡੈਮੋਕ੍ਰੇਟਸ ਨੇ ਟਰੰਪ ਵੱਲੋਂ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਅਤੇ ਰਾਸ਼ਟਰੀ ਸਿਹਤ ਸੰਸਥਾਵਾਂ ਨੂੰ ਦਿੱਤੀਆਂ ਜਾਣ ਵਾਲੀਆਂ ਕਟੌਤੀਆਂ ਬਾਰੇ ਵੀ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਰਿਪਬਲਿਕਨ ਪੱਖ ਤੋਂ ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਕੋਈ ਵੀ ਠੋਸ ਰਿਆਇਤਾਂ ਦੇਣ ਲਈ ਤਿਆਰ ਨਹੀਂ ਹਨ।

ਵਾਸ਼ਿੰਗਟਨ ਡੀਸੀ ਵਿੱਚ ਅੱਧੀ ਰਾਤ ਹੋ ਗਈ ਅਤੇ ਅਮਰੀਕੀ ਸੰਘੀ ਸਰਕਾਰ ਦਾ ਸ਼ਟਡਾਊਨ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਿਆ ਹੈ। ਇਸ ਨਾਲ ਹੁਣ ਲੱਖਾਂ ਕਾਮੇ ਬਿਨ੍ਹਾਂ ਤਨਖਾਹ ਵਾਲੀ ਛੁੱਟੀ 'ਤੇ ਰਹਿਣਗੇ ਅਤੇ ਬਹੁਤ ਸਾਰੇ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਰੋਕ ਦਿੱਤਾ ਜਾਵੇਗਾ। ਇਹ ਸ਼ਟਡਾਊਨ ਰਿਪਬਲਿਕਨ-ਨਿਯੰਤਰਿਤ ਸੈਨੇਟ ਵੱਲੋਂ ਸਰਕਾਰੀ ਖਰਚ ਬਿੱਲ ਪਾਸ ਕਰਨ ਵਿੱਚ ਅਸਫ਼ਲ ਰਹਿਣ ਤੋਂ ਕੁਝ ਘੰਟਿਆਂ ਬਾਅਦ ਸ਼ੁਰੂ ਹੋਇਆ ਹੈ। ਇਹ 2018 ਤੋਂ ਬਾਅਦ ਪਹਿਲਾ ਸਰਕਾਰੀ ਸ਼ਟਡਾਊਨ ਹੈ ਅਤੇ ਇਸ ਵਿੱਚ ਗੈਰ-ਜ਼ਰੂਰੀ ਕਰਮਚਾਰੀਆਂ ਨੂੰ ਬਗ਼ੈਰ ਤਨਖਾਹ ਦੀ ਛੁੱਟੀ 'ਤੇ ਰੱਖਿਆ ਜਾਵੇਗਾ।

**ਸਰਕਾਰ ਦੇ ਕਿਹੜੇ ਹਿੱਸੇ ਬੰਦ ਹੋਣਗੇ ?**

ਸ਼ਟਡਾਊਨ ਦੌਰਾਨ ਸਰਹੱਦੀ ਸੁਰੱਖਿਆ, ਹਸਪਤਾਲ ਵਿੱਚ ਡਾਕਟਰੀ ਦੇਖਭਾਲ, ਕਾਨੂੰਨ ਲਾਗੂ ਕਰਨ ਵਾਲੇ ਅਤੇ ਹਵਾਈ ਆਵਾਜਾਈ ਨਿਯੰਤਰਣ ਦੇ ਕੰਮ ਕਰਦੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ। ਜਦੋਂ ਕਿ ਸਮਾਜਿਕ ਸੁਰੱਖਿਆ ਅਤੇ ਮੈਡੀਕੇਅਰ ਚੈੱਕ ਅਜੇ ਵੀ ਜਾਰੀ ਰਹਿਣਗੇ, ਲਾਭ ਪਾਤਰਾਂ ਦੀ ਤਸਦੀਕ ਕਰਨ ਅਤੇ ਕਾਰਡ ਜਾਰੀ ਕਰਨ ਦਾ ਕੰਮ ਬੰਦ ਹੋ ਸਕਦਾ ਹੈ। ਆਮ ਤੌਰ 'ਤੇ ਸ਼ਟਡਾਊਨ ਦੌਰਾਨ, ਜ਼ਰੂਰੀ ਕਰਮਚਾਰੀ ਆਮ ਵਾਂਗ ਕੰਮ ਕਰਦੇ ਰਹਿੰਦੇ ਹਨ, ਉਨ੍ਹਾਂ ਵਿੱਚੋਂ ਕੁਝ ਨੂੰ ਫਿਲਹਾਲ ਤਨਖਾਹ ਨਹੀਂ ਮਿਲਦੀ। ਪਰ ਗ਼ੈਰ-ਜ਼ਰੂਰੀ ਸਮਝੇ ਜਾਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਅਸਥਾਈ ਤੌਰ 'ਤੇ ਬਗ਼ੈਰ ਤਨਖਾਹ ਵਾਲੀ ਛੁੱਟੀ 'ਤੇ ਰੱਖਿਆ ਜਾਂਦਾ ਹੈ। ਬੀਤੇ ਸਮਿਆਂ ਵਿੱਚ, ਇਨ੍ਹਾਂ ਕਰਮਚਾਰੀਆਂ ਨੂੰ ਬਾਅਦ ਵਿੱਚ ਤਨਖਾਹ ਦਿੱਤੀ ਜਾਂਦੀ ਰਹੀ ਹੈ। ਇਸਦਾ ਮਤਲਬ ਹੈ ਕਿ ਭੋਜਨ ਸਹਾਇਤਾ ਪ੍ਰੋਗਰਾਮ, ਸੰਘੀ ਫੰਡ ਪ੍ਰਾਪਤ ਪ੍ਰੀ-ਸਕੂਲ, ਵਿਦਿਆਰਥੀ ਕਰਜ਼ੇ ਜਾਰੀ ਕਰਨਾ, ਭੋਜਨ ਨਿਰੀਖਣ ਅਤੇ ਰਾਸ਼ਟਰੀ ਪਾਰਕਾਂ ਵਿੱਚ ਕਾਰਜਾਂ ਵਰਗੀਆਂ ਸੇਵਾਵਾਂ ਵਿੱਚ ਕਟੌਤੀ ਜਾਂ ਬੰਦ ਹੋਣ ਦੀ ਉਮੀਦ ਹੈ।

**ਪਿਛਲੇ ਸ਼ਟਡਾਊਨ ਕਿੰਨੇ ਲੰਬੇ ਚੱਲੇ ਸਨ ?**

ਅਮਰੀਕਾ ਵਿੱਚ ਸਰਕਾਰੀ ਸ਼ਟਡਾਊਨ ਆਮ ਹੁੰਦਾ ਜਾ ਰਿਹਾ ਹੈ, ਡੌਨਲਡ ਟਰੰਪ ਦੇ ਪਹਿਲੇ ਰਾਸ਼ਟਰਪਤੀ ਕਾਰਜਕਾਲ ਵਿੱਚ ਅਜਿਹੇ ਤਿੰਨ ਮਾਮਲੇ ਸਾਹਮਣੇ ਆਏ ਹਨ। ਇਸ ਵਿੱਚ ਅਮਰੀਕੀ ਇਤਿਹਾਸ ਦਾ ਸਭ ਤੋਂ ਲੰਬਾ ਸ਼ਟਡਾਊਨ ਵੀ ਸ਼ਾਮਲ ਹੈ, ਜੋ 35 ਦਿਨਾਂ ਤੱਕ ਚੱਲਿਆ ਸੀ। ਟਰੰਪ ਤੋਂ ਪਹਿਲਾਂ ਬਿਲ ਕਲਿੰਟਨ ਦੇ ਰਾਸ਼ਟਰਪਤੀ ਦੌਰ ਦਾ ਰਿਕਾਰਡ ਸੀ। ਜਦੋਂ 1995 ਵਿੱਚ ਕਲਿੰਟਨ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੇ ਆਖ਼ਰੀ ਦਿਨ੍ਹਾਂ ਵਿੱਚ ਸਨ ਤਾਂ 21 ਦਿਨਾਂ ਦਾ ਫੈਡਰਲ ਸ਼ਟਡਾਊਨ ਰਿਹਾ ਸੀ। ਰਿਪਬਲਿਕਨਾਂ ਨੇ ਕਲਿੰਟਨ ਦੇ ਪਹਿਲੇ ਕਾਰਜਕਾਲ ਦੇ ਅੱਧ ਵਿੱਚ ਹਾਊਸ ਅਤੇ ਸੈਨੇਟ ਦੋਵਾਂ ਦਾ ਕੰਟਰੋਲ ਲੈ ਲਿਆ ਸੀ ਅਤੇ ਉਹ ਇੱਕ ਅਜਿਹਾ ਬਜਟ ਪਾਸ ਕਰਨਾ ਚਾਹੁੰਦੇ ਸਨ ਜੋ, ਹੋਰ ਚੀਜ਼ਾਂ ਦੇ ਨਾਲ, ਮੈਡੀਕੇਅਰ ਲਈ ਖ਼ਰਚ ਨੂੰ ਸੀਮਤ ਕਰ ਸਕੇ। ਇਸੇ ਤਰ੍ਹਾਂ, ਬਰਾਕ ਓਬਾਮਾ ਨੇ 2013 ਵਿੱਚ ਤਤਕਾਲੀ ਰਾਸ਼ਟਰਪਤੀ ਦੇ ਪ੍ਰਸਤਾਵਿਤ ਸਿਹਤ ਸੰਭਾਲ ਕਾਨੂੰਨ ਨੂੰ ਲੈ ਕੇ 16 ਦਿਨਾਂ ਦਾ ਸ਼ਟਡਾਊਨ ਦਾ ਸਾਹਮਣਾ ਕੀਤਾ ਸੀ। ਰਿਪਬਲਿਕਨ ਰਾਸ਼ਟਰਪਤੀ ਰੌਨਾਲਡ ਰੀਗਨ ਨੇ ਆਪਣੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਸਭ ਤੋਂ ਵੱਧ ਸ਼ਟਡਾਊਨ ਦੇਖੇ। 1980 ਦੇ ਦਹਾਕੇ ਵਿੱਚ ਉਨ੍ਹਾਂ ਦੇ ਦੋ ਕਾਰਜਕਾਲਾਂ ਦੌਰਾਨ ਅੱਠ ਸ਼ਟਡਾਊਨ ਦਰਜ ਕੀਤੇ ਗਏ। ਹਾਲਾਂਕਿ, ਇਹ ਸਾਰੇ ਮੁਕਾਬਲਤਨ ਛੋਟੇ ਸਨ, ਸਭ ਤੋਂ ਲੰਬਾ ਫੰਡਿੰਗ ਸ਼ਟਡਾਊਨ ਵੀ ਮਹਿਜ਼ ਤਿੰਨ ਦਿਨਾਂ ਤੱਕ ਰਿਹਾ ਸੀ।

**ਦੋਵੇਂ ਧਿਰਾਂ ਕੀ ਚਾਹੁੰਦੀਆਂ ਹਨ ?**

ਜੇ ਦੋਵਾਂ ਧਿਰਾਂ ਦੀ ਮੰਗ ਦੀ ਗੱਲ ਕੀਤੀ ਜਾਵੇ ਤਾਂ ਰਿਪਬਲਿਕਨ ਮੌਜੂਦਾ ਖਰਚ ਪੱਧਰਾਂ ਦਾ ਥੋੜ੍ਹੇ ਸਮੇਂ ਲਈ ਵਿਸਥਾਰ ਚਾਹੁੰਦੇ ਹਨ। ਉਹ ਇਸ ਗੱਲ ਤੋਂ ਖੁਸ਼ ਹਨ ਕਿ ਚੀਜ਼ਾਂ ਕਿਵੇਂ ਚੱਲ ਰਹੀਆਂ ਹਨ, ਖ਼ਾਸ ਕਰਕੇ ਜਦੋਂ ਤੋਂ ਟਰੰਪ ਪ੍ਰਸ਼ਾਸਨ ਕਾਂਗਰਸ ਦੇ ਬਜਟ-ਸੈਟਰਾਂ ਦੀ ਮਦਦ ਤੋਂ ਬਿਨ੍ਹਾਂ, ਆਪਣੇ ਆਪ ਖਰਚਿਆਂ ਵਿੱਚ ਕਟੌਤੀਆਂ ਲਾਗੂ ਕਰ ਰਿਹਾ ਹੈ। ਦੂਜੇ ਪਾਸੇ ਡੈਮੋਕਰੇਟ ਚਾਹੁੰਦੇ ਹਨ ਕਿ ਇਹ ਪ੍ਰਥਾ ਖ਼ਤਮ ਹੋਵੇ। ਉਹ ਸੋਚਦੇ ਹਨ ਕਿ ਜੇਕਰ ਟਰੰਪ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦੇਣਗੇ ਤਾਂ ਖਰਚ-ਪੱਧਰ ਦੇ ਸਮਝੌਤਿਆਂ 'ਤੇ ਗੱਲਬਾਤ ਕਰਨ ਦਾ ਕੀ ਮਤਲਬ ਹੈ ? ਉਹ ਘੱਟ ਆਮਦਨ ਵਾਲੇ ਵਿਅਕਤੀਆਂ ਲਈ ਸਰਕਾਰੀ ਸਿਹਤ-ਬੀਮਾ ਸਬਸਿਡੀਆਂ ਨੂੰ ਨਵਿਆਉਣ ਲਈ ਇੱਕ ਪੱਕਾ ਸਮਝੌਤਾ ਵੀ ਚਾਹੁੰਦੇ ਹਨ ਕਿਉਂਕਿ ਇਹ ਸਬਸਿਡੀਆਂ ਸਾਲ ਦੇ ਅੰਤ ਵਿੱਚ ਖ਼ਤਮ ਹੋ ਜਾਂਦੀਆਂ ਹਨ। ਪਰ ਰਿਪਬਲਿਕਨ ਹੁਣ ਤੱਕ ਅਜਿਹਾ ਕਰਨ ਤੋਂ ਝਿਜਕਦੇ ਰਹੇ ਹਨ। ਇਹ ਦੋਵੇਂ ਧਿਰਾਂ ਦੇ ਗੱਲਬਾਤ ਦੇ ਸਟੈਂਡ ਹਨ, ਪਰ ਸਰਕਾਰੀ ਸ਼ਟਡਾਊਨ ਲੜਾਈਆਂ ਨੀਤੀ ਤੋਂ ਵੱਧ ਹਨ ਅਤੇ ਇਸ ਦੇ ਸਿਆਸੀ ਅਰਥ ਵੱਧ ਹਨ। ਰਿਪਬਲਿਕਨ ਸੋਚਦੇ ਹਨ ਕਿ ਉਨ੍ਹਾਂ ਕੋਲ ਸਿਆਸੀ ਆਧਾਰ ਉੱਚਾ ਹੈ। ਟਰੰਪ ਅਤੇ ਰਿਪਬਲਿਕਨ ਕਾਂਗਰਸ ਦੇ ਆਗੂ ਦੋਵੇਂ ਪਹਿਲਾਂ ਤੋਂ ਹੀ ਦਾਅਵਾ ਕਰ ਰਹੇ ਹਨ ਕਿ ਉਹ ਹੀ ਸਹੀ ਹਨ।




**ਟਰੰਪ ਵੱਲੋਂ ਸ਼ਟਡਾਊਨ ਹੋਣ 'ਤੇ ਵੱਡੇ ਪੱਧਰ 'ਤੇ ਛਾਂਟੀ ਦੀ ਧਮਕੀ**

ਰਾਸ਼ਟਰਪਤੀ ਡੌਨਲਡ ਟਰੰਪ ਨੂੰ ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਜੇਕਰ ਸਰਕਾਰੀ ਸ਼ਟਡਾਊਨ ਨੂੰ ਟਾਲਿਆ ਨਹੀਂ ਜਾਂਦਾ ਹੈ ਤਾਂ ਉਹ ਕਿੰਨੇ ਸੰਘੀ ਕਰਮਚਾਰੀਆਂ ਨੂੰ ਛਾਂਟਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਦਾ ਜਵਾਬ ਸੀ, ÷ਖੈਰ, ਅਸੀਂ ਬਹੁਤ ਕੁਝ ਕਰ ਸਕਦੇ ਹਾਂ। ਟਰੰਪ ਨੇ ਡੈਮੋਕ੍ਰੇਟਸ ਨੂੰ ਮੁਲਜ਼ਮ ਠਹਿਰਾਉਂਦੇ ਹੋਏ ਦਾਅਵਾ ਕੀਤਾ ਕਿ ਉਹ ਚਾਹੁੰਦੇ ਹਨ ਕਿ ਹੋਰ ਲੋਕ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ। ਵ ?ਹਾਈਟ ਹਾਊਸ ਦੇ ਬਜਟ ਮੁਖੀ ਰਸ ਵੌਟ ਨੇ ਹਾਲ ਹੀ ਵਿੱਚ ਇੱਕ ਮੈਮੋਰੰਡਮ ਜਾਰੀ ਕੀਤਾ ਜਿਸ ਵਿੱਚ ਦੱਸਿਆ ਗਿਆ ਸੀ ਕਿ ਟਰੰਪ ਪ੍ਰਸ਼ਾਸਨ ਸੰਘੀ ਖਰਚਿਆਂ ਅਤੇ ਰੁਜ਼ਗਾਰ ਸੂਚੀਆਂ ਵਿੱਚ ਨਵੀਂ, ਲੰਬੇ ਸਮੇਂ ਦੀ ਕਟੌਤੀ ਕਰਨ ਲਈ ਸ਼ਟਡਾਊਨ ਦੀ ਵਰਤੋਂ ਕਿਵੇਂ ਕਰੇਗਾ। ਬੰਦ ਦੌਰਾਨ 'ਗ਼ੈਰ-ਜ਼ਰੂਰੀ' ਸਮਝੇ ਜਾਣ ਵਾਲੇ ਅਹੁਦੇ ਅਤੇ ਸਰਕਾਰੀ ਪ੍ਰੋਗਰਾਮ ਸਥਾਈ ਤੌਰ 'ਤੇ ਬੰਦ ਕਰ ਦਿੱਤੇ ਜਾਣਗੇ। ਪਰ ਡੈਮੋਕ੍ਰੇਟਿਕ ਆਗੂ ਇਹ ਮੰਨਦੇ ਨਜ਼ਰ ਆ ਰਹੇ ਹਨ ਕਿ ਧਮਕੀਆਂ ਇੱਕ ਝੂਠੀ ਗੱਲ ਹੈ ਜਾਂ ਗੱਲਬਾਤ ਦੀ ਰਣਨੀਤੀ ਹੈ। ਸੈਨੇਟ ਘੱਟ ਗਿਣਤੀ ਆਗੂ ਸ਼ੂਕ ਸਕੂਮਰ ਨੇ ਇਸਨੂੰ 'ਧਮਕਾਉਣ ਦੀ ਕੋਸ਼ਿਸ਼' ਕਰਰਾ ਦਿੱਤਾ ਹੈ। ਸਕੂਮਰ ਨੇ ਕਿਹਾ, ਡੌਨਲਡ ਟਰੰਪ ਪਹਿਲੇ ਦਿਨ ਤੋਂ ਹੀ ਸੰਘੀ ਕਰਮਚਾਰੀਆਂ ਨੂੰ ਕੱਢ ਰਿਹਾ ਹੈ, ਸ਼ਾਸਨ ਕਰਨ ਲਈ ਨਹੀਂ, ਸਗੋਂ ਡਰਾਉਣ ਲਈ। ਇਹ ਕੋਈ ਨਵੀਂ ਗੱਲ ਨਹੀਂ ਹੈ ਅਤੇ ਇਸਦਾ ਸਰਕਾਰ ਨੂੰ ਫੰਡ ਦੇਣ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025


# ਪੰਜਾਬ ਦੇ ਹੜ੍ਹਾਂ 'ਚ ਆਪਣਿਆਂ ਨੂੰ ਗੁਆਉਣ ਵਾਲਿਆਂ ਦਾ ਦਰਦ: ਭੈਣ ਦੇ ਵਿਆਹ ਦੀਆਂ ਤਿਆਰੀਆਂ ਸਨ

## ਭਰਾ ਲੋਕਾਂ ਦੀ ਮਦਦ ਕਰਦੇ ਹੋਏ ਜਾਨ ਗੁਆ ਬੈਠਾ



### ਹੁਣ ਤੱਕ ਪੰਜਾਬ 'ਚ ਕਿੰਨਾ ਨੁਕਸਾਨ ਹੋਇਆ

ਪੰਜਾਬ ਵਿੱਚ ਆਏ ਹੜ੍ਹਾਂ ਨੇ 29 ਸਤੰਬਰ 2025 ਤੱਕ 23 ਜਿਲ੍ਹਿਆਂ ਵਿੱਚ 2,614 ਪਿੰਡਾਂ ਨੂੰ ਪ੍ਰਭਾਵਿਤ ਕੀਤਾ ਹੈ। ਸਭ ਤੋਂ ਜ਼ਿਆਦਾ ਅਸਰ ਗੁਰਦਾਸਪੁਰ (343 ਪਿੰਡ), ਹੁਸ਼ਿਆਰਪੁਰ (384 ਪਿੰਡ), ਅੰਮ੍ਰਿਤਸਰ (196 ਪਿੰਡ) ਅਤੇ ਫ਼ਾਜ਼ਿਲਕਾ ਦੇ ਕੁਝ ਇਲਾਕਿਆਂ 'ਤੇ ਪਿਆ ਹੈ। ਹੁਣ ਤੱਕ 59 ਲੋਕ ਇਨ੍ਹਾਂ ਹੜ੍ਹਾਂ 'ਚ ਜਾਨ ਗੁਆ ਚੁੱਕੇ ਹਨ। ਇਸ ਦੌਰਾਨ ਕੁੱਲ 4 ਲੋਕ ਲਾਪਤਾ ਹਨ। ਜੇਕਰ ਗੱਲ ਖੇਤੀਬਾੜੀ ਦੀ ਕੀਤੀ ਜਾਵੇ ਤਾਂ ਕੁੱਲ 2,00,170 ਹੈਕਟਰ ਫਸਲਾਂ ਨੂੰ ਨੁਕਸਾਨ ਹੋਇਆ ਹੈ। ਹੜ੍ਹਾਂ ਨਾਲ ਜੁੜੇ ਕਾਰਣਾਂ ਕਰਕੇ 23,340 ਲੋਕਾਂ ਨੂੰ ਆਪਣੀਆਂ ਜਗ ?ਹਾ ਛੱਡਣੀਆਂ ਪਈਆਂ। ਸਰਕਾਰ ਨੇ ਮੁੜ ਮਦਦ ਲਈ 219 ਰਾਹਤ ਕੈਂਪ ਖੋਲ੍ਹੇ ਸਨ, ਪਰ ਹੁਣ ਇਹ ਸਾਰੇ ਕੈਂਪ ਬੰਦ ਹੋ ਚੁੱਕੇ ਹਨ। ਪਹਿਲਾਂ ਇਨ੍ਹਾਂ ਕੈਂਪਾਂ ਵਿੱਚ 8,270 ਲੋਕ ਰਹਿ ਰਹੇ ਸਨ। ਅਜੇ ਵੀ ਮਕਾਨਾਂ, ਪਸ਼ੂਆਂ ਅਤੇ ਹੋਰ ਨੁਕਸਾਨ ਦੇ ਪੂਰੇ ਵੇਰਵੇ ਉਪਲਬੱਧ ਨਹੀਂ ਹਨ।

ਪੰਜਾਬ ਭਰ ਵਿੱਚ ਬੀਤੇ ਦਿਨਾਂ 'ਚ ਆਏ ਹੜ੍ਹ ਨਾਲ ਕਈ ਜਾਨਾਂ ਵੀ ਗਈਆਂ ਹਨ। ਉੱਥੇ ਹੀ ਪਠਾਨਕੋਟ ਦੇ ਕੋਲੀਆ ਪਿੰਡ ਵਿੱਚ ਵੱਸਦੇ ਗੁੱਜਰ ਪਰਿਵਾਰ ਲਈ ਤਾਂ ਰਾਵੀ ਦਰਿਆ ਜਿਵੇਂ ਕਹਿਰ ਹੀ ਢਾਹ ਗਿਆ। ਇੱਥੇ ਰਹਿੰਦੇ ਹੁਸੈਨ ਪਰਿਵਾਰ ਦੇ ਚਾਰ ਜੀਅ, ਜਿਨ੍ਹਾਂ ਵਿੱਚ ਇੱਕ ਬਜ਼ੁਰਗ ਮਾਤਾ ਅਤੇ ਤਿੰਨ ਛੋਟੇ ਬੱਚੇ ਸ਼ਾਮਲ ਸਨ, ਪਾਣੀ ਦੇ ਤੇਜ਼ ਵਹਾਅ ਵਿੱਚ ਵਹਿ ਗਏ। ਪਰਿਵਾਰ ਦੇ ਦੋ ਜੀਅ ਮਾਤਾ ਅਤੇ ਇੱਕ 12 ਸਾਲ ਦੀ ਧੀ ਦੀ ਲਾਸ਼ ਤਾਂ ਕੁਝ ਦਿਨਾਂ ਬਾਅਦ ਮਿਲ ਗਈ, ਪਰ ਅਜੇ ਤੱਕ ਦੋ ਛੋਟੇ ਪੁੱਤਰਾਂ ਦਾ ਕੋਈ ਪਤਾ ਨਹੀਂ ਹੈ। ਇੱਥੇ ਹੋਰ ਪਰਿਵਾਰਾਂ ਨਾਲ ਰਹਿ ਰਿਹਾ ਬਾਗ ਹੁਸੈਨ ਦਾ ਪਰਿਵਾਰ 26 ਅਗਸਤ ਦੀ ਤੜਕੇ ਸਵੇਰ ਕਹਿਰ ਦਾ ਸ਼ਿਕਾਰ ਹੋਇਆ। ਲਾਪਤਾ ਬੱਚਿਆਂ ਦੀ ਮਾਂ, ਰੇਸ਼ਮਾ ਦੱਸਦੇ ਹਨ, ÷ਪਾਣੀ ਮੇਰੇ ਤਿੰਨੇ ਬੱਚਿਆਂ ਅਤੇ ਸੱਸ ਨੂੰ ਰੋੜ੍ਹ ਕੇ ਲੈ ਗਿਆ। ਮੈਂ ਉਨ੍ਹਾਂ ਨੂੰ ਬਚਾਉਣ ਲਈ ਭੱਜੀ ਸੀ ਪਰ ਪਾਣੀ ਇੱਕਦਮ ਇੰਨਾ ਤੇਜ਼ ਆਇਆ ਕਿ ਮੇਰਾ ਸਾਹ ਰੁਕ ਗਿਆ। ਮੈਨੂੰ ਵੀ ਕੁਝ ਸਮੇਂ ਬਾਅਦ ਫੌਜ ਨੇ ਬਚਾ ਕੇ ਬਾਹਰ ਕੱਢਿਆ।

**ਮਾਂ ਨੂੰ ਤਾਂ ਅੱਖੀਂ ਰੁੜ੍ਹਦਿਆਂ ਦੇਖਿਆ**

ਪਰਿਵਾਰ ਦੱਸਦਾ ਹੈ ਕਿ ਉਹਨਾਂ ਨੇ ਆਪਣੀ ਮਾਤਾ ਕਿਆਨ ਨੂੰ ਆਪਣੇ ਸਾਹਮਣੇ ਰੁੜ੍ਹਦੇ ਵੇਖਿਆ, ਪਰ ਕੁਝ ਨਹੀਂ ਕਰ ਸਕੇ। ਬੱਚੇ ਕਦੋਂ ਵਹਿ ਗਏ, ਇਹ ਸਮਝ ਨਹੀਂ ਆਇਆ। ਬਾਗ ਹੁਸੈਨ ਦੇ ਭਰਾ ਫਕੀਰ ਹੁਸੈਨ ਦੱਸਦੇ ਹਨ, ÷ਦਰਿਆ ਦਾ ਪਾਣੀ ਚੜ੍ਹ ਰਿਹਾ ਸੀ, ਪਰ ਅਸੀਂ ਲੋਕ ਧੁੱਸੀ ਤੋਂ ਪਾਰ ਸੀ। ਪਰ ਅਚਾਨਕ ਧੁੱਸੀ ਬੰਨ੍ਹ ਪਿੱਛੋਂ ਟੁੱਟ ਗਿਆ ਅਤੇ ਅਸੀਂ ਪਾਣੀ ਨਾਲ ਘਿਰ ਗਏ। ਹੋਰ ਪਰਿਵਾਰਕ ਮੈਂਬਰ ਉੱਚੀ ਥਾਂ 'ਤੇ ਚੜ੍ਹਕੇ ਬਚ ਗਏ, ਪਰ ਬਾਗ ਹੁਸੈਨ ਦੇ ਬੱਚੇ ਅਤੇ ਮਾਂ ਘਰ ਅੰਦਰ ਇੱਕ ਕੋਠੀ ਵਿੱਚ ਸੌਂ ਰਹੇ ਸਨ, ਜਿਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਹੁਣ ਪਿੱਛੇ ਸਿਰਫ ਬਾਗ ਹੁਸੈਨ ਅਤੇ ਉਨ੍ਹਾਂ ਦੀ ਪਤਨੀ ਰੇਸ਼ਮਾ ਹੀ ਬਚੇ ਹਨ। ਉਨ੍ਹਾਂ ਦੀ 70 ਸਾਲਾਂ ਮਾਂ ਕਿਆਨ, 14 ਸਾਲ ਦੀ ਧੀ ਮੀਨਾ, 8 ਸਾਲ ਦਾ ਪੁੱਤ ਲਾਡੀ ਅਤੇ 6 ਸਾਲ ਦਾ ਪੁੱਤ ਲੱਛੋ ਉਸ ਪਾਣੀ ਵਿੱਚ ਵਹਿ ਗਏ ਹਨ। ਹਾਲਾਂਕਿ ਕੁਝ ਦਿਨਾਂ ਬਾਅਦ ਧੀ ਅਤੇ ਬਜ਼ੁਰਗ ਮਾਤਾ ਦੀ ਲਾਸ਼ ਮਿਲ ਗਈ ਸੀ, ਪਰ ਬਹੁਤ ਭਾਲ ਕਰਨ ਦੇ ਬਾਵਜੂਦ ਵੀ ਦੋਵੇਂ ਛੋਟੇ ਪੁੱਤਰ ਅਜੇ ਵੀ ਲਾਪਤਾ ਹਨ। ਪਰਿਵਾਰ ਕਹਿੰਦਾ ਹੈ ਕਿ ਉਹਨਾਂ ਦਾ ਸਭ ਕੁਝ ਖ਼ਤਮ ਹੋ ਗਿਆ ਹੈ। ਘਰ, ਜ਼ਮੀਨ, ਸਾਮਾਨ ਸਭ ਕੁਝ ਰੁੜ੍ਹ ਗਿਆ ਹੈ ਅਤੇ ਬੱਚੇ ਵੀ ਚਲੇ ਗਏ। ਬਾਗ ਦੇ ਭਰਾ ਫਕੀਰ ਹੁਸੈਨ ਦੱਸਦੇ ਹਨ, ÷ਮੇਰੀ ਮਾਂ ਅਤੇ ਬੱਚਿਆਂ ਨੂੰ ਉਮੀਦ ਸੀ ਕਿ ਉੱਥੇ ਪਾਣੀ ਨਹੀਂ ਆਵੇਗਾ। ਪਰ ਜਦ ਬੰਨ੍ਹ ਟੁੱਟਿਆ ਤਾਂ ਪਾਣੀ ਇੰਨਾ ਤੇਜ਼ ਅੰਦਰ ਆਇਆ ਕਿ ਸਾਨੂੰ ਸੰਭਲਣ ਦਾ ਮੌਕਾ ਹੀ ਨਹੀਂ ਮਿਲਿਆ। ਮੈਂ ਆਪਣੀਆਂ ਅੱਖੀਂ ਆਪਣੀ ਮਾਂ ਨੂੰ ਰੁੜ੍ਹਦਿਆਂ ਵੇਖਿਆ।

**ਦਰਿਆ 'ਚ ਸਮਾਈਆਂ ਜ਼ਮੀਨਾਂ**

ਪਠਾਨਕੋਟ ਦੀ ਬਮਿਆਲ ਮੁੱਖ ਸੜਕ ਤੇ ਕੈਥਲੋਰ ਪੁਲ ਦੇ ਨੇੜੇ ਰਾਵੀ ਦਰਿਆ ਨੇ ਬੀਤੇ ਇੱਕ ਮਹੀਨੇ ਪਹਿਲਾਂ ਕਾਫ਼ੀ ਨੁਕਸਾਨ ਕੀਤਾ ਸੀ। ਕਈ ਘਰ ਅਤੇ ਦੁਕਾਨਾਂ ਇਸ ਪਾਣੀ ਦੀ ਚਪੇਟ ਵਿੱਚ ਆ ਗਈਆਂ। ਇੱਥੇ ਵੱਸਦੇ ਕੁਝ ਗੁੱਜਰ ਪਰਿਵਾਰ, ਜੋ ਰਾਵੀ ਕੰਢੇ ਧੁੱਸੀ ਬੰਨ੍ਹ ਦੇ ਨਾਲ ਲੱਗਦੀ ਜ਼ਮੀਨ 'ਤੇ ਕਈ ਸਾਲਾਂ ਤੋਂ ਵੱਸਦੇ ਆ ਰਹੇ ਸਨ, ਉਨ੍ਹਾਂ ਲਈ ਵੀ ਇਹ ਹੜ੍ਹ ਕਹਿਰ ਬਣ ਕੇ ਆਇਆ। ਉਹਨਾਂ ਦੇ ਘਰ ਪਾਣੀ ਵਿੱਚ ਰੁੜ ਗਏ ਅਤੇ ਧੁੱਸੀ ਬੰਨ੍ਹ ਟੁੱਟਣ ਨਾਲ ਦਰਿਆ ਅੱਗੇ ਨੂੰ ਵਧ ਆਇਆ। ਹੁਣ ਵੀ ਉਹਨਾਂ ਦੇ ਘਰ ਮਲਬੇ ਨਾਲ ਭਰੇ ਪਏ ਹਨ ਅਤੇ ਜ਼ਮੀਨਾਂ ਦਰਿਆ ਵਿੱਚ ਸਮਾ ਗਈਆਂ ਹਨ। ਜ਼ਿਲ੍ਹਾ ਪਠਾਨਕੋਟ ਦੇ ਡਿਸਟ੍ਰਿਕਟ ਰਿਵੈਨਿਊ ਅਫ਼ਸਰ ਪਵਨ ਕੁਮਾਰ ਮੁਤਾਬਕ, ਹੜ ਦੌਰਾਨ ਹੁਣ ਤੱਕ 6 ਮੌਤਾਂ ਦਰਜ ਹੋਈਆਂ ਹਨ, ਜਦਕਿ ਤਿੰਨ ਲੋਕ ਅਜੇ ਵੀ ਲਾਪਤਾ ਹਨ। ਉਹ ਕਹਿੰਦੇ ਹਨ, ÷ਮ੍ਰਿਤਕਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਗੁੱਜਰ ਪਰਿਵਾਰ ਦੇ ਚਾਰ ਜੀਅ ਮਾਮਲੇ ਵਿੱਚ ਲਾਪਤਾ ਜੀਆਂ ਦੀ ਰਿਪੋਰਟ ਵੀ ਬਣਾਕੇ ਸੂਬਾ ਸਰਕਾਰ ਨੂੰ ਭੇਜੀ ਗਈ ਹੈ।

**ਹੜ੍ਹ ਪ੍ਰਭਾਵਿਤਾਂ ਦੀ ਸੇਵਾ ਕਰਦੇ ਵਿਕਰਮ ਨੂੰ ਵਹਾਅ ਲੈ ਗਿਆ ਪਾਣੀ**

ਗੁਰਦਾਸਪੁਰ ਦੇ ਕਸਬਾ ਕਲਾਨੌਰ ਅਧੀਨ ਆਉਂਦੇ ਪਿੰਡ ਹਰੀਮਾਂਬਾਦ ਵਿੱਚ ਆਏ ਹੜ ਦੌਰਾਨ ਲੋਕਾਂ ਦੀ ਸੇਵਾ ਕਰਨ ਗਏ ਨੌਜਵਾਨਾਂ ਵਿੱਚੋਂ ਇੱਕ 21 ਸਾਲ ਦਾ ਵਿਕਰਮ ਕੁਮਾਰ (ਉਰਫ਼ ਵਿਨੇ), ਪੁੱਤਰ ਨਾਨਕ ਚੰਦ ਵਾਸੀ ਕਲਾਨੌਰ, ਲਾਪਤਾ ਹੋ ਗਿਆ ਸੀ। ਕਈ ਦਿਨਾਂ ਤੱਕ ਉਸਦੀ ਭਾਲ ਕੀਤੀ ਗਈ। ਸੀਐੱਨਡੀਆਰਐੱਫ ਅਤੇ ਆਰਮੀ ਦੀਆਂ ਟੀਮਾਂ ਨੇ ਵੀ ਉਸਦੀ ਭਾਲ ਕੀਤੀ ਪਰ ਕੋਈ ਪਤਾ ਨਹੀਂ ਲੱਗਿਆ। ਆਖ਼ਰਕਾਰ ਪੂਰੇ ਇੱਕ ਮਹੀਨੇ ਬਾਅਦ, ਜਦ ਖੇਤਾਂ ਵਿੱਚੋਂ ਪਾਣੀ ਘਟਿਆ ਤਾਂ ਨੌਜਵਾਨ ਦੀ ਲਾਸ਼ ਬਰਾਮਦ ਹੋਈ। ਪਿੰਡ ਵਾਸੀਆਂ ਵੱਲੋਂ ਪਰਿਵਾਰ ਨੂੰ ਮੌਕੇ 'ਤੇ ਬੁਲਾਇਆ ਗਿਆ ਅਤੇ ਲਾਸ਼ ਦੀ ਸ਼ਨਾਖ਼ਤ ਕਰਵਾਈ ਗਈ। ਮ੍ਰਿਤਕ ਵਿਕਰਮ ਕੁਮਾਰ (ਉਰਫ਼ ਵਿਨੇ) ਦੇ ਪਿਤਾ ਨਾਨਕ ਚੰਦ ਜਜ਼ਬਾਤੀ ਹੁੰਦੇ ਹੋਏ ਕਹਿੰਦੇ ਹਨ, ÷ਲਾਸ਼ ਦੇ ਹਾਲਾਤ ਬਹੁਤ ਮਾੜੇ ਸਨ। ਮੇਰੀ ਪਤਨੀ ਅਤੇ ਧੀ ਨੇ ਉਸ ਨੂੰ ਕੱਪੜਿਆਂ ਤੋਂ ਅਤੇ ਗੁੱਟ ਤੇ ਬਣੀ ਰੱਖੜੀ ਤੋਂ ਪਛਾਣਿਆ। ਮੇਰਾ ਬੇਟਾ ਬਹੁਤ ਲਾਇਕ ਸੀ।÷ ਉਹ ਕਹਿੰਦੇ ਹਨ ਕਿ ਉਹਨਾਂ ਦੇ ਘਰ ਵਿੱਚ ਹੜ੍ਹ ਦਾ ਪਾਣੀ ਨਹੀਂ ਆਇਆ, ਪਰ ਇਹ ਹੜ ਉਹਨਾਂ ਦਾ ਪੁੱਤਰ ਲੈ ਗਿਆ। ਇਸ ਦੁੱਖਾਂਤ ਨੂੰ ਉਹ ਕਦੇ ਭੁੱਲ ਨਹੀਂ ਸਕਦੇ।

**ਘਰ 'ਚ ਵਿਆਹ ਸੀ, ਹੁਣ ਸੋਗ ਦਾ ਮਾਹੌਲ**

ਮਾਂ ਜੋਤੀ ਦੱਸਦੀ ਹੈ ਕਿ ਪਿਛਲੇ ਮਹੀਨੇ 28 ਅਗਸਤ ਦੀ ਦੁਪਹਿਰ, ਵਿਨੇ ਘਰੋਂ ਰੋਟੀ ਖਾ ਕੇ ਆਪਣੇ ਕੰਮ 'ਤੇ ਗਿਆ ਸੀ। ਪਰ ਪਿੰਡ ਹਰੀਮਾਂਬਾਦ ਵਿੱਚ ਆਏ ਪਾਣੀ ਦੌਰਾਨ, ਆਪਣੇ ਸਾਥੀਆਂ ਨਾਲ ਮਿਲਕੇ ਲੋਕਾਂ ਦੀ ਸੇਵਾ ਲਈ ਗਿਆ ਅਤੇ ਉੱਥੇ ਹੀ ਪਾਣੀ ਵਿੱਚ ਲਾਪਤਾ ਹੋ ਗਿਆ। ਐੱਨਡੀਆਰਐੱਫ ਅਤੇ ਆਰਮੀ ਦੀਆਂ ਟੀਮਾਂ ਵਲੋਂ ਬਹੁਤ ਕੋਸ਼ਿਸ਼ ਕੀਤੀ ਗਈ, ਪਰ ਉਸਦਾ ਕੋਈ ਪਤਾ ਨਹੀਂ ਲੱਗਿਆ। ਪਰਿਵਾਰ ਇੱਕ ਮਹੀਨੇ ਲਗਾਤਾਰ ਭਾਲ ਕਰਦਾ ਰਿਹਾ। ਘਰ ਵਿੱਚ ਧੀ ਦਾ ਵਿਆਹ ਅਗਲੇ ਮਹੀਨੇ ਨਵੰਬਰ ਵਿੱਚ ਸੀ, ਪਰ ਹੁਣ ਸੋਗ ਛਾ ਗਿਆ ਹੈ। ਪੂਰੇ ਇੱਕ ਮਹੀਨੇ ਬਾਅਦ, ਖੇਤਾਂ ਵਿੱਚੋਂ ਪਾਣੀ ਘਟਿਆ ਤਾਂ ਕਿਸਾਨਾਂ ਨੂੰ ਟ ?ਰੈਕਟਰ ਨਾਲ ਕੰਮ ਕਰਦਿਆਂ ਵਿਨੇ ਦੀ ਲਾਸ਼ ਮਿਲੀ। ਪਰਿਵਾਰ ਨੂੰ ਸੂਚਿਤ ਕਰਕੇ ਬੁਲਾਇਆ ਗਿਆ।



# ਆਰਐੱਸਐੱਸ: 100 ਸਾਲ ਪੁਰਾਣੇ ਸੰਗਠਨ ਦਾ ਮਕਸਦ ਕੀ ਹੈ, ਫੰਡ ਕਿੱਥੋਂ ਆਉਂਦਾ ਹੈ - 14 ਸਵਾਲਾਂ ਦੇ ਜ਼ਰੀਏ ਸਮਝੋ

ਸਾਲ 2025 ’ਚ ਰਾਸ਼ਟਰੀ ਸਵੈਮਸੇਵਕ ਸੰਘ ਆਪਣੀ ਸਥਾਪਨਾ ਦੇ 100 ਸਾਲ ਮੁਕੰਮਲ ਕਰਨ ਜਾ ਰਿਹਾ ਹੈ। ਇਨ੍ਹਾਂ 100 ਸਾਲਾਂ ’ਚ ਸ਼ਾਇਦ ਹੀ ਕੋਈ ਅਜਿਹਾ ਸਮਾਂ ਰਿਹਾ ਹੋਵੇ ਜਦੋਂ ਸੰਘ, ਉਸ ਦੀ ਵਿਚਾਰਧਾਰਾ ਜਾਂ ਫਿਰ ਉਸ ਦੀਆਂ ਗਤੀਵਿਧੀਆਂ ਸੁਰਖੀਆਂ ’ਚ ਨਾ ਰਹੀਆਂ ਹੋਣ। ਸਾਲ 2014 ’ਚ ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਤੋਂ ਹੀ ਸੰਘ ਦਾ ਸਿਆਸੀ ਪ੍ਰਭਾਵ ਕਈ ਗੁਣਾ ਵੱਧ ਗਿਆ ਅਤੇ ਸੰਘ ਹੁਣ ਤੱਕ ਦੀ ਆਪਣੀ ਸਭ ਤੋਂ ਮਜ਼ਬੂਤ ਸਥਿਤੀ ’ਚ ਨਜ਼ਰ ਆਇਆ। ਪਰ ਸੰਘ ਦੇ ਇਤਿਹਾਸ, ਉਸ ਦੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਯਤਨ ਅਤੇ ਘੱਟ ਗਿਣਤੀਆਂ ਪ੍ਰਤੀ ਉਸ ਦੇ ਰਵੱਈਏ ਨੂੰ ਲੈ ਕੇ ਕਈ ਸਵਾਲ ਉੱਠਦੇ ਰਹੇ ਹਨ। ਆਓ ਸੰਘ ਨਾਲ ਸਬੰਧਤ ਕੁਝ ਅਹਿਮ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਿਸ਼ ਕਰਦੇ ਹਾਂ।



**1. ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਕੀ ਹੈ ਅਤੇ ਇਸ ਦੀ ਸਥਾਪਨਾ ਕਦੋਂ ਹੋਈ ਸੀ ?**

ਆਮ ਤੌਰ ’ਤੇ ਆਰਐੱਸਐੱਸ ਜਾਂ ਫਿਰ ਸੰਘ ਦੇ ਨਾਮ ਨਾਲ ਜਾਣਿਆ ਜਾਂਦਾ ਰਾਸ਼ਟਰੀ ਸਵੈਮਸੇਵਕ ਸੰਘ ਇੱਕ ਹਿੰਦੂ ਰਾਸ਼ਟਰਵਾਦੀ ਸੰਗਠਨ ਹੈ, ਜਿਸ ਦੀ ਸਥਾਪਨਾ ਸਾਲ 1925 ’ਚ ਮਹਾਰਾਸ਼ਟਰ ਦੇ ਨਾਗਪੁਰ ’ਚ ਡਾ. ਕੇਸ਼ਵ ਬਲੀਰਾਮ ਹੇਡਗੇਵਾਰ ਵੱਲੋਂ ਕੀਤੀ ਗਈ ਸੀ। ਮੰਨਿਆ ਜਾਂਦਾ ਹੈ ਕਿ ਹੇਡਗੇਵਾਰ ਹਿੰਦੂ ਰਾਸ਼ਟਰਵਾਦੀ ਵਿਚਾਰਕ ਵਿਨਾਇਕ ਦਾਮੋਦਰ ਸਾਵਰਕਰ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ। ਕੁਝ ਸਮੇਂ ਤੱਕ ਕਾਂਗਰਸ ਨਾਲ ਜੁੜੇ ਰਹਿਣ ਤੋਂ ਬਾਅਦ, ਹੇਡਗੇਵਾਰ ਨੇ ਵਿਚਾਰਕ ਮਤਭੇਦਾਂ ਦੇ ਚੱਲਦਿਆਂ ਕਾਂਗਰਸ ਪਾਰਟੀ ਛੱਡ ਦਿੱਤੀ ਅਤੇ ਸੰਘ ਦੀ ਸਥਾਪਨਾ ਕੀਤੀ ਸੀ। (ਰਾਸ਼ਟਰੀ ਸਵੈਮ ਸੇਵਕ ਸੰਘ ਦੀ ਜਾਣ-ਪਛਾਣ, ਮਾਧਵ ਗੋਵਿੰਦ ਵੈਦਿਆ, ਪੰਨਾ 11-13) ਸੰਘ ਨੂੰ ਅਕਸਰ ਹੀ ਦੁਨੀਆ ਦਾ ਸਭ ਤੋਂ ਵੱਡਾ ਸਵੈ-ਇੱਛੁਕ ਜਾਂ ਵਾਲੰਟੀਅਰ ਸੰਗਠਨ ਕਿਹਾ ਜਾਂਦਾ ਹੈ, ਪਰ ਆਰਐੱਸਐੱਸ ਨਾਲ ਕਿੰਨੇ ਕੁ ਲੋਕ ਜੁੜੇ ਹੋਏ ਹਨ, ਇਸ ਦਾ ਕੋਈ ਅਧਿਕਾਰਤ ਅੰਕੜਾ ਉਪਲਬਧ ਨਹੀਂ ਹੈ। ਆਰਐੱਸਐੱਸ ਆਪਣੇ ਆਪ ਨੂੰ ਗੈਰ-ਰਾਜਨੀਤਿਕ ਸੱਭਿਆਚਾਰਕ ਸੰਗਠਨ ਦੱਸਦਾ ਹੈ, ਪਰ ਰਾਜਨੀਤਿਕ ਪਾਰਟੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ’ਸਰਪ੍ਰਸਤ’ ਦੀ ਭੂਮਿਕਾ ਅਦਾ ਕਰਦਾ ਹੈ।

**2. ਆਰਐੱਸਐੱਸ ਦੇ ਮੁੱਖ ਉਦੇਸ਼ ਅਤੇ ਟੀਚੇ ਕੀ ਹਨ ?**

ਆਰਐੱਸਐੱਸ ਦੇ ਅਨੁਸਾਰ ਉਹ ਇੱਕ ਸੱਭਿਆਚਾਰਕ ਸੰਗਠਨ ਹੈ, ਜਿਸ ਦਾ ਮਕਸਦ ਹਿੰਦੂ ਸੱਭਿਆਚਾਰ, ਹਿੰਦੂ ਏਕਤਾ ਅਤੇ ਸਵੈ-ਨਿਰਭਰਤਾ ਦੇ ਮੁੱਲਾਂ ਨੂੰ ਉਤਸ਼ਾਹਿਤ ਕਰਨਾ ਹੈ। ਸੰਘ ਦਾ ਕਹਿਣਾ ਹੈ ਕਿ ਉਹ ਰਾਸ਼ਟਰ ਸੇਵਾ ਅਤੇ ਭਾਰਤੀ ਪਰੰਪਰਾਵਾਂ ਅਤੇ ਵਿਰਾਸਤ ਦੀ ਸਾਂਭ-ਸੰਭਾਲ ਵਰਗੇ ਮੁੱਦਿਆਂ ’ਤੇ ਜ਼ੋਰ ਦਿੰਦਾ ਹੈ। ਗੈਰ-ਰਾਜਨੀਤਿਕ ਹੋਣ ਦੇ ਦਾਅਵਿਆਂ ਦੇ ਬਾਵਜੂਦ ਸੰਘ ਦੇ ਬਹੁਤ ਸਾਰੇ ਲੋਕ ਚੁਣਾਵੀ ਰਾਜਨੀਤੀ ’ਚ ਸਰਗਰਮ ਰਹਿੰਦੇ ਹਨ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੋਂ ਲੈ ਕੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਬਹੁਤ ਸਾਰੇ ਨਾਮ ਗਿਣਾਏ ਜਾ ਸਕਦੇ ਹਨ। ਸੰਘ ਦੇ ਅਖਿਲ ਭਾਰਤੀ ਪ੍ਰਚਾਰ ਮੁਖੀ ਸੁਨੀਲ ਅੰਬੇਕਰ ਆਪਣੀ ਕਿਤਾਬ ’ਆਰਐੱਸਐੱਸ: 21ਵੀਂ ਸਦੀ ਦੇ ਲਈ ਰੋਡਮੈਪ’ (ਪੰਨਾ 9) ’ਚ ਕਹਿੰਦੇ ਹਨ ਕਿ ਸੰਘ ਸਮਾਜ ’ਤੇ ਰਾਜ ਕਰਨ ਵਾਲੀ ਇੱਕ ਵੱਖਰੀ ਤਾਕਤ ਨਹੀਂ ਬਣਨਾ ਚਾਹੁੰਦਾ ਹੈ ਅਤੇ ਉਸ ਦਾ ਮੁੱਖ ਉਦੇਸ਼ ਸਮਾਜ ਨੂੰ ਮਜ਼ਬੂਤ ਕਰਨਾ ਹੈ। ਉਹ ਅੱਗੇ ਲਿਖਦੇ ਹਨ ਕਿ ’ਸੰਘ ਸਮਾਜ ਬਣੇਗਾ’ ਇੱਕ ਨਾਅਰਾ ਹੈ, ਜੋ ਆਰਐੱਸਐੱਸ ’ਚ ਵਾਰ-ਵਾਰ ਲਗਾਇਆ ਜਾਂਦਾ ਹੈ। ਮੌਜੂਦਾ ਸੰਘ ਚਾਲਕ ਮੋਹਨ ਭਾਗਵਤ ਕਹਿੰਦੇ ਹਨ ਕਿ ਸੰਘ ਇੱਕ ’ਕਾਰਜ ਪ੍ਰਣਾਲੀ ਹੈ ਅਤੇ ਹੋਰ ਕੁਝ ਨਹੀਂ’। ਉਨ੍ਹਾਂ ਦੇ ਅਨੁਸਾਰ ਆਰਐੱਸਐੱਸ ’ਵਿਅਕਤੀ ਵਿਕਾਸ ਦਾ ਕੰਮ ਕਰਦਾ ਹੈ’। (ਭਵਿੱਖ ਦਾ ਭਾਰਤ- ਸੰਘ ਦਾ ਦ੍ਰਿਸ਼ਟੀਕੋਣ, ਪੰਨਾ 19)

**3. ਸ਼ਾਖਾ ਕੀ ਹੈ ਅਤੇ ਆਰਐਸਐਸ ਦਾ ਮੈਂਬਰ ਕੌਣ ਅਤੇ ਕਿਵੇਂ ਬਣ ਸਕਦਾ ਹੈ ?**

ਸ਼ਾਖਾ ਸੰਘ ਦੀ ਮੁੱਢਲੀ ਸੰਗਠਨਾਤਮਕ ਇਕਾਈ ਹੈ, ਜੋ ਕਿ ਇਸ ਨੂੰ ਜ਼ਮੀਨੀ ਪੱਧਰ ’ਤੇ ਇੱਕ ਵੱਡੀ ਮੌਜੂਦਗੀ ਪ੍ਰਦਾਨ ਕਰਦੀ ਹੈ। ਸ਼ਾਖਾ ਉਹ ਥਾਂ ਹੈ ਜਿੱਥੇ ਰਾਸ਼ਟਰੀ ਸਵੈਮਸੇਵਕ ਸੰਘ ਦੇ ਮੈਂਬਰਾਂ ਨੂੰ ਵਿਚਾਰਧਾਰਕ ਅਤੇ ਸਰੀਰਕ ਤੌਰ ’ਤੇ ਸਿਖਲਾਈ ਦਿੱਤੀ ਜਾਂਦੀ ਹੈ। ਜ਼ਿਆਦਾਤਰ ਸ਼ਾਖਾਵਾਂ ਹਰ ਰੋਜ਼ ਸਵੇਰੇ ਜਾਂ ਫਿਰ ਕਈ ਵਾਰ ਸ਼ਾਮ ਦੇ ਸਮੇਂ ਕਾਰਜਸ਼ੀਲ ਹੁੰਦੀਆਂ ਹਨ। ਕੁਝ ਇਲਾਕਿਆਂ ’ਚ ਇਹ ਸ਼ਾਖਾਵਾਂ ਹਫ਼ਤੇ ’ਚ ਕੁਝ ਦਿਨ ਹੀ ਕੰਮ ਕਰਦੀਆਂ ਹਨ। ਆਰਐੱਸਐੱਸ ਦੇ ਅਨੁਸਾਰ, ਭਾਰਤ ’ਚ 73 ਹਜ਼ਾਰ ਤੋਂ ਵੱਧ ਸ਼ਾਖਾਵਾਂ ਹਨ। ਸ਼ਾਖਾ ’ਚ ਸਰੀਰਕ ਕਸਰਤ ਅਤੇ ਖੇਡਾਂ ਦੇ ਨਾਲ-ਨਾਲ ਟੀਮਵਰਕ ਅਤੇ ਲੀਡਰਸ਼ਿਪ ਹੁਨਰ ਨੂੰ ਬਿਹਤਰ ਕਰਨ ਦੇ ਲਈ ਡਿਜ਼ਾਇਨ ਕੀਤੀਆਂ ਗਈਆਂ ਗਤੀਵਿਧੀਆਂ ਹੁੰਦੀਆਂ ਹਨ ਅਤੇ ’ਮਾਰਚਿੰਗ’ ਅਤੇ ’ਸਵੈ-ਸੁਰੱਖਿਆ’ ਦੀ ਤਕਨੀਕ ਵੀ ਸਿਖਾਈ ਜਾਂਦੀ ਹੈ। ਸ਼ਾਖਾ ’ਚ ਹੀ ਸੰਘ ਦੇ ਮੈਂਬਰਾਂ ਨੂੰ ਵਿਚਾਰਿਕ ਸਿੱਖਿਆ ਦਿੱਤੀ ਜਾਂਦੀ ਹੈ। ਸ਼ਾਖਾ ’ਚ ਹੀ ਉਨ੍ਹਾਂ ਨੂੰ ਹਿੰਦੂਤਵ, ਹਿੰਦੂ ਰਾਸ਼ਟਰਵਾਦ ਅਤੇ ਆਰਐੱਸਐੱਸ ਦੇ ਹੋਰ ਬੁਨਿਆਦੀ ਸਿਧਾਂਤਾ ਤੋਂ ਜਾਣੂ ਕਰਵਾਇਆ ਜਾਂਦਾ ਹੈ। ਆਰਐੱਸਐੱਸ ਦੇਸ਼ ਭਰ ’ਚ ਆਪਣੀ ਮੌਜੂਦਗੀ ਵਧਾਉਣ ਅਤੇ ਕਾਇਮ ਰੱਖਣ ਦੇ ਲਈ ਸ਼ਾਖਾਵਾਂ ’ਤੇ ਪੂਰੀ ਤਰ੍ਹਾਂ ਨਾਲ ਨਿਰਭਰ ਕਰਦਾ ਹੈ। ਰਾਸ਼ਟਰੀ ਸਵੈਮਸੇਵਕ ਸੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕੋਈ ਰਸਮੀ ਮੈਂਬਰਸ਼ਿਪ ਨਹੀਂ ਹੈ। ਜੋ ਲੋਕ ਆਰਐੱਸਐੱਸ ਦੀਆਂ ਸ਼ਾਖਾਵਾਂ ’ਚ ਭਾਗ ਲੈਂਦੇ ਹਨ, ਉਨ੍ਹਾਂ ਨੂੰ ਸਵੈਮਸੇਵਕ ਕਿਹਾ ਜਾਂਦਾ ਹੈ ਅਤੇ ਸੰਘ ਦੇ ਅਨੁਸਾਰ ਕੋਈ ਵੀ ਹਿੰਦੂ ਮਰਦ ਸਵੈਮਸੇਵਕ ਬਣ ਸਕਦਾ ਹੈ। ਆਰਐੱਸਐੱਸ ਦੇ ਅਨੁਸਾਰ ਕੋਈ ਵੀ ਵਿਅਕਤੀ ਸੰਘ ਦੀ ਨਜ਼ਦੀਕੀ ’ਸ਼ਾਖਾ’ ਨਾਲ ਸੰਪਰਕ ਕਰ ਸਕਦਾ ਹੈ ਅਤੇ ਸਵੈਮਸੇਵਕ ਬਣ ਸਕਦਾ ਹੈ। ਸਵੈਮਸੇਵਕ ਬਣਨ ਲਈ ਕੋਈ ਫੀਸ, ਰਜਿਸਟਰੇਸ਼ਨ ਫਾਰਮ ਜਾਂ ਰਸਮੀ ਅਰਜ਼ੀ ਦੀ ਲੋੜ ਨਹੀਂ ਪੈਂਦੀ ਹੈ। ਸੰਘ ਦਾ ਕਹਿਣਾ ਹੈ ਕਿ ਜੋ ਕੋਈ ਵੀ ਵਿਅਕਤੀ ਸਵੇਰੇ ਜਾਂ ਸ਼ਾਮ ਨੂੰ ਰੋਜ਼ਾਨਾ ਸ਼ਾਖਾ ’ਚ ਭਾਗ ਲੈਣਾ ਸ਼ੁਰੂ ਕਰਦਾ ਹੈ ਤਾਂ ਉਸ ਸੰਘ ਦਾ ਸਵੈਮਸੇਵਕ ਬਣ ਜਾਂਦਾ ਹੈ। ਇਸ ਦੇ ਨਾਲ ਸੰਘ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਕਿਸੇ ਨੂੰ ਆਪਣੇ ਨਜ਼ਦੀਕ ਚੱਲ ਰਹੀ ਸ਼ਾਖਾ ਜਾਂ ਸਵੈਮਸੇਵਕ ਦੇ ਬਾਰੇ ’ਚ ਜਾਣਕਾਰੀ ਨਹੀਂ ਹੈ ਤਾਂ ਉਹ ਵੈੱਬਸਾਈਟ ’ਤੇ ਇੱਕ ਫਾਰਮ ਭਰ ਸਕਦਾ ਹੈ , ਜਿਸ ਤੋਂ ਬਾਅਦ ਸੰਘ ’ਚ ਸ਼ਾਮਲ ਹੋਣ ਲਈ ਨਜ਼ਦੀਕੀ ਸ਼ਾਖਾ ਜਾਂ ਸਵੈਮਸੇਵਕ ਦੇ ਬਾਰੇ ’ਚ ਜਾਣਕਾਰੀ ਉਪਲਬਧ ਕਰਵਾਈ ਜਾਂਦੀ ਹੈ।

**4. ਕੀ ਔਰਤਾਂ ਵੀ ਆਰਐੱਸਐੱਸ ਦੀਆਂ ਮੈਂਬਰ ਬਣ ਸਕਦੀਆਂ ਹਨ ?**

ਔਰਤਾਂ ਆਰਐੱਸਐੱਸ ਦੀਆਂ ਮੈਂਬਰ ਨਹੀਂ ਬਣ ਸਕਦੀਆਂ। ਆਪਣੀ ਵੈੱਬਸਾਈਟ ’ਤੇ ’ਫ ?ਰੀਕੁਐਂਟਲੀ ਆਸਕ ਕੋਸ਼ਚਨ’ ਜਾਂ ’ਅਕਸਰ ਪੁੱਛੇ ਜਾਣ ਵਾਲੇ ਸਵਾਲਾਂ’ ਦੇ ਸੈਕਸ਼ਨ ’ਚ ਸੰਘ ਲਿਖਦਾ ਹੈ ਕਿ ਉਸ ਦੀ ਸਥਾਪਨਾ ਹਿੰਦੂ ਸਮਾਜ ਨੂੰ ਸੰਗਠਿਤ ਕਰਨ ਲਈ ਕੀਤੀ ਗਈ ਸੀ ਅਤੇ ਵਿਹਾਰਕ ਸੀਮਾਵਾਂ ਨੂੰ ਵੇਖਦੇ ਹੋਏ ਇਸ ’ਚ ਸਿਰਫ ਹਿੰਦੂ ਪੁਰਸ਼ਾਂ ਨੂੰ ਹੀ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਆਰਐੱਸਐੱਸ ਦੇ ਅਨੁਸਾਰ ਜਦੋਂ ਹਿੰਦੂ ਔਰਤਾਂ ਦੇ ਲਈ ਵੀ ਇਸ ਤਰ੍ਹਾਂ ਦੇ ਹੀ ਸੰਗਠਨ ਦੀ ਲੋੜ ਮਹਿਸੂਸ ਕੀਤੀ ਗਈ ਤਾਂ ਮਹਾਰਾਸ਼ਟਰ ਦੇ ਵਰਧਾ ਦੀ ਇੱਕ ਸਮਾਜ ਸੇਵਿਕਾ ਲਕਸ਼ਮੀਬਾਈ ਕੇਲਕਰ ਨੇ ਆਰਐੱਸਐੱਸ ਦੇ ਸੰਸਥਾਪਕ ਡਾ. ਹੇਡਗੇਵਾਰ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ, ਸਾਲ 1936 ’ਚ ਰਾਸ਼ਟਰ ਸੇਵਿਕਾ ਸਮਿਤੀ ਸ਼ੁਰੂ ਕਰਨ ਦਾ ਫੈਸਲਾ ਲਿਆ। ਸੰਘ ਦਾ ਕਹਿਣਾ ਹੈ ਕਿ ਉਸ ਦਾ ਅਤੇ ਰਾਸ਼ਟਰ ਸੇਵਿਕਾ ਸਮਿਤੀ ਦਾ ਮਕਸਦ ਇੱਕ ਹੀ ਸੀ, ਇਸ ਲਈ ਔਰਤਾਂ ਰਾਸ਼ਟਰ ਸੇਵਿਕਾ ਸਮਿਤੀ ’ਚ ਸ਼ਾਮਲ ਹੋ ਸਕਦੀਆਂ ਹਨ। ਹਾਲਾਂਕਿ ਸੰਘ ਇਹ ਵੀ ਕਹਿੰਦਾ ਹੈ ਕਿ ਆਪਣੇ ਸ਼ਤਾਬਦੀ ਸਾਲ ’ਚ ਮਹਿਲਾ ਤਾਲਮੇਲ ਪ੍ਰੋਗਰਾਮਾਂ ਦੇ ਜ਼ਰੀਏ ਉਹ ਭਾਰਤੀ ਚਿੰਤਨ ਅਤੇ ਸਮਾਜਿਕ ਤਬਦੀਲੀ ’ਚ ਔਰਤਾਂ ਦੀ ਸਰਗਰਮ ਭਾਗੀਦਾਰੀ ਨੂੰ ਵਧਾਉਣਾ ਚਾਹੁੰਦਾ ਹੈ।

**5. ਆਰਐੱਸਐੱਸ ਨੂੰ ਫੰਡ ਕਿੱਥੋਂ ਮਿਲਦਾ ਹੈ ?**

ਰਾਸ਼ਟਰੀ ਸਵੈਮਸੇਵਕ ਸੰਘ ਇੱਕ ਰਜਿਸਟਰਡ ਸੰਗਠਨ ਹੈ। ਇਸੇ ਕਰਕੇ ਅਕਸਰ ਹੀ ਇਹ ਆਲੋਚਨਾ ਕੀਤੀ ਜਾਂਦੀ ਹੈ ਕਿ ਇਸ ’ਚ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਘਾਟ ਹੈ। ਇਹ ਇਲਜ਼ਾਮ ਵੀ ਲਗਾਇਆ ਜਾਂਦਾ ਹੈ ਕਿ ਸੰਘ ਦੀ ਫੰਡਿੰਗ ਸਬੰਧੀ ਕੋਈ ਪਾਰਦਰਸ਼ਤਾ ਨਹੀਂ ਹੈ, ਕਿਉਂਕਿ ਸੰਘ ਇਨਕਮ ਟੈਕਸ ਜਾਂ ਆਮਦਨ ਕਰ ਰਿਟਰਨ ਫਾਈਲ ਨਹੀਂ ਕਰਦਾ ਹੈ। ਸੰਘ ਦਾ ਕਹਿਣਾ ਹੈ ਕਿ ਉਹ ਇੱਕ ਸਵੈ-ਨਿਰਭਰ ਸੰਗਠਨ ਹੈ ਅਤੇ ਸੰਘ ਦੇ ਕੰਮ ਦੇ ਲਈ ਬਾਹਰੋਂ ਕੋਈ ਪੈਸਾ ਨਹੀਂ ਲਿਆ ਜਾਂਦਾ। ਭਾਵੇਂ ਉਹ ਆਪਣੀ ਮਰਜ਼ੀ ਨਾਲ ਦਿੱਤਾ ਗਿਆ ਪੈਸਾ ਹੀ ਕਿਉਂ ਨਾ ਹੋਵੇ। ਸੰਘ ਇਹ ਵੀ ਦਾਅਵਾ ਕਰਦਾ ਹੈ ਕਿ ਉਹ ਆਪਣਾ ਖਰਚਾ ਉਸ ਗੁਰੂਦਕਸ਼ਿਣਾ ਰਾਹੀਂ ਪੂਰਾ ਕਰਦਾ ਹੈ ਜੋ ਕਿ ਸਾਲ ’ਚ ਇੱਕ ਵਾਰ ਸੰਘ ਦੇ ਸਵੈਮਸੇਵਕ ਭਗਵੇਂ ਝੰਡੇ ਨੂੰ ਆਪਣਾ ਗੁਰੂ ਮੰਨ ਕੇ ਦਿੰਦੇ ਹਨ। ਸੰਘ ਇਹ ਵੀ ਕਹਿੰਦਾ ਹੈ ਕਿ ਉਸ ਦੇ ਸਵੈਮਸੇਵਕ ਬਹੁਤ ਸਾਰੀਆਂ ਸਮਾਜ ਸੇਵੀ ਗਤੀਵਿਧੀਆਂ ਦਾ ਹਿੱਸਾ ਹਨ ਅਤੇ ਉਨ੍ਹਾਂ ਨੂੰ ਸਮਾਜ ਤੋਂ ਮਦਦ ਮਿਲਦੀ ਰਹਿੰਦੀ ਹੈ ਅਤੇ ਇਨ੍ਹਾਂ ਸਮਾਜਿਕ ਕੰਮਾਂ ਦੇ ਲਈ ਵਾਲੰਟੀਅਰਾਂ ਨੇ ਟਰੱਸਟ ਬਣਾਏ ਹੋਏ ਹਨ, ਜੋ ਕਿ ਕਾਨੂੰਨ ਦੇ ਦਾਇਰੇ ’ਚ ਰਹਿ ਕੇ ਪੈਸਾ ਇਕੱਠਾ ਕਰਦੇ ਹਨ ਅਤੇ ਆਪਣੇ ਖਾਤੇ ਚਲਾਉਂਦੇ ਹਨ।

**6. ਆਰਐੱਸਐੱਸ ਦਾ ਸੰਗਠਨਾਤਕ ਢਾਂਚਾ ਕੀ ਹੈ ?**

ਰਾਸ਼ਟਰੀ ਸਵੈਮਸੇਵਕ ਸੰਘ ’ਚ ਸਭ ਤੋਂ ਉੱਚਾ ਅਹੁਦਾ ਸਰਸੰਘਚਾਲਕ ਦਾ ਹੁੰਦਾ ਹੈ। ਸਰਸੰਘਚਾਲਕ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਅਹੁਦਾ ਸਰਕਾਰਜਕਾਰ ਦਾ ਹੁੰਦਾ ਹੈ, ਜੋ ਕਿ ਸੰਘ ਦਾ ਮੁੱਖ ਕਾਰਜਕਾਰੀ ਅਧਿਕਾਰੀ ਹੁੰਦਾ ਹੈ ਅਤੇ ਜਿਸ ਦੇ ਕੋਲ ਸੰਘ ਦੇ ਰੋਜ਼ਾਨਾ ਦੇ ਮਾਮਲਿਆਂ ਬਾਰੇ ਫੈਸਲੇ ਲੈਣ ਦੀਆਂ ਸ਼ਕਤੀਆਂ ਹੁੰਦੀਆਂ ਹਨ। ਫਿਲਹਾਲ ਦੱਤਾਤ੍ਰੇਅ ਹੋਸਬਲੇ ਸੰਘ ਦੇ ਮੁੱਖ ਕਾਰਜਕਾਰੀ ਅਧਿਕਾਰੀ ਹਨ।

ਜੇਕਰ ਇਤਿਹਾਸ ’ਤੇ ਝਾਤ ਮਾਰੀਏ ਤਾਂ ਡਾ. ਹੇਡਗੇਵਾਰ ਤੋਂ ਬਾਅਦ ਜੋ ਪੰਜ ਮੁਖੀ ਬਣੇ ਹਨ, ਉਨ੍ਹਾਂ ’ਚੋਂ ਚਾਰ ਤਾਂ ਸੰਘ ਦਾ ਮੁਖੀ ਬਣਨ ਤੋਂ ਪਹਿਲਾਂ ਮੁੱਖ ਕਾਰਜਕਾਰੀ ਅਧਿਕਾਰੀ ਸਨ ਅਤੇ ਇੱਕ ਸਹਿ-ਕਾਰਜਕਾਰੀ ਅਹੁਦੇ ’ਤੇ ਸਨ।

ਸਹਿ-ਕਾਰਜਕਾਰੀ ਦੀ ਭੂਮਿਕਾ ਸੰਯੁਕਤ ਸਕੱਤਰ ਦੀ ਹੁੰਦੀ ਹੈ ਅਤੇ ਇੱਕੋ ਸਮੇਂ ਸੰਘ ’ਚ ਕਈ ਸਹਿ-ਕਾਰਜਕਾਰੀ ਅਧਿਕਾਰੀ ਹੋ ਸਕਦੇ ਹਨ।

**7. ਆਰਐੱਸਐੱਸ ਦੇ ਹੁਣ ਤੱਕ ਕਿੰਨੇ ਸਰਸੰਘਚਾਲਕ ਸੇਵਾਵਾਂ ਨਿਭਾ ਚੁੱਕੇ ਹਨ ਅਤੇ ਸਰਸੰਘਚਾਲਕ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ ?**

ਸੰਘ ’ਚ ਹੁਣ ਤੱਕ 6 ਸਰਸੰਘਚਾਲਕ ਹੋਏ ਹਨ। ਸੰਘ ਦੇ ਪਹਿਲੇ ਸਰਸੰਘਚਾਲਕ ਡਾ. ਕੇਸ਼ਵ ਬਲੀਰਾਮ ਹੇਡਗੇਵਾਰ ਹੋਏ ਹਨ। ਉਨ੍ਹਾਂ ਨੇ ਹੀ ਸੰਘ ਦੀ ਸਥਾਪਨਾ ਕੀਤੀ ਸੀ।

ਹੇਡਗੇਵਾਰ ਨੇ 1925-1940 ਤੱਕ ਆਪਣੀਆਂ ਸੇਵਾਵਾਂ ਦਿੱਤੀਆਂ ਅਤੇ 1940 ’ਚ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਮਾਧਵ ਸਦਾਸ਼ਿਵਰਾਓ ਗੋਲਵਲਕਰ ਸੰਘ ਦੇ ਦੂਜੇ ਸਰਸੰਘਚਾਲਕ ਬਣੇ ਅਤੇ 1973 ਤੱਕ ਇਸ ਅਹੁਦੇ ’ਤੇ ਬਣੇ ਰਹੇ। ਸਾਲ 1973 ’ਚ ਗੋਲਵਲਕਰ ਦੇ ਦੇਹਾਂਤ ਤੋਂ ਬਾਅਦ ਬਾਲਾਸਾਹਿਬ ਦੇਵਰਸ ਨੇ ਇਹ ਅਹੁਦਾ ਸੰਭਾਲਿਆ ਅਤੇ 1994 ਤੱਕ ਸੇਵਾਵਾਂ ਨਿਭਾਈਆਂ। ਸਾਲ 1994 ’ਚ ਵਿਗੜਦੀ ਸਿਹਤ ਦੇ ਮੱਦੇਨਜ਼ਰ ਦੇਰਸ ਨੇ ਰਾਜੇਂਦਰ ਸਿੰਘ (ਰਾਜੂ ਭਈਆ) ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਰਾਜੇਂਦਰ ਸਿੰਘ ਸਾਲ 2000 ਤੱਕ ਸੰਘ ਦੇ ਮੁਖੀ ਬਣੇ ਰਹੇ।

ਸਾਲ 2000 ’ਚ ਕੇਐੱਸ ਸੁਦਰਸ਼ਨ ਸੰਘ ਦੇ ਨਵੇਂ ਸਰਸੰਘਚਾਲਕ ਬਣੇ ਅਤੇ 2009 ਤੱਕ ਇਸ ਅਹੁਦੇ ’ਤੇ ਬਣੇ ਰਹੇ। ਸਾਲ 2009 ’ਚ ਸੁਦਰਸ਼ਨ ਨੇ ਮੋਹਨ ਭਾਗਵਤ ਨੂੰ ਆਪਣਾ ਉੱਤਰਾਧਿਕਾਰੀ ਚੁਣਿਆ ਅਤੇ ਹੁਣ ਭਾਗਵਤ ਸੰਘ ਦੇ 6ਵੇਂ ਸਰਸੰਘਚਾਲਕ ਹਨ। ਸੰਘ ’ਚ ਸਰਸੰਘਚਾਲਕ ਦੀ ਚੋਣ ਲਈ ਕੋਈ ਕੋਈ ਨਿਰਧਾਰਤ ਵਿਧੀ ਨਹੀਂ ਹੈ ਅਤੇ ਇਸ ਗੱਲ ਦੇ ਲਈ ਵੀ ਇਸ ਦੀ ਆਲੋਚਨਾ ਹੁੰਦੀ ਹੈ।

**8. ਆਰਐਸਐਸ ’ਤੇ ਕਦੋਂ-ਕਦੋਂ ਲਗਾਈ ਗਈ ਸੀ ਪਾਬੰਦੀ ਅਤੇ ਕਿਉਂ ?**

ਆਰਐੱਸਐੱਸ ’ਤੇ ਪਹਿਲੀ ਵਾਰ ਪਾਬੰਦੀ ਸਾਲ 1948 ’ਚ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਲਗਾਈ ਗਈ ਸੀ।

30 ਜਨਵਰੀ, 1948 ਨੂੰ ਨਾਥੂਰਾਮ ਗੋਡਸੇ ਨੇ ਮਹਾਤਮਾ ਗਾਂਧੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਤਤਕਾਲੀਨ ਸਰਕਾਰ ਨੂੰ ਸ਼ੱਕ ਸੀ ਕਿ ਮਹਾਤਮਾ ਗਾਂਧੀ ਦੇ ਕਤਲ ’ਚ ਸੰਘ ਦੀ ਭੂਮਿਕਾ ਸੀ ਅਤੇ ਗੋਡਸੇ ਆਰਐੱਸਐੱਸ ਦਾ ਮੈਂਬਰ ਸੀ।

ਆਰਐੱਸਐੱਸ ਨੂੰ ਫਿਰਕੂ ਵੰਡ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ ਮੰਨਦੇ ਹੋਏ ਸਰਕਾਰ ਨੇ ਉਸ ’ਤੇ ਫਰਵਰੀ 1948 ’ਚ ਪਾਬੰਦੀ ਲਗਾ ਦਿੱਤੀ ਅਤੇ ਸੰਘ ਸਰਸੰਘਚਾਲਕ ਗੋਲਵਲਕਰ ਨੂੰ ਹਿਰਾਸਤ ’ਚ ਲੈ ਲਿਆ।

ਅਗਲੇ ਇੱਕ ਸਾਲ ਤੱਕ ਗੋਲਵਲਕਰ ਅਤੇ ਸਰਕਾਰ ਦਰਮਿਆਨ ਇਸ ਪਾਬੰਦੀ ਨੂੰ ਹਟਾਉਣ ਸਬੰਧੀ ਕਈ ਵਾਰ ਵਿਚਾਰ-ਚਰਚਾਵਾਂ ਹੋਈਆਂ। ਸਰਕਾਰ ਦਾ ਕਹਿਣਾ ਸੀ ਕਿ ਆਰਐੱਸਐੱਸ ਨੂੰ ਲਿਖਤੀ ਅਤੇ ਪ੍ਰਕਾਸ਼ਿਤ ਸੰਵਿਧਾਨ ਦੇ ਤਹਿਤ ਕੰਮ ਕਰਨਾ ਚਾਹੀਦਾ ਹੈ।

ਆਪਣੀਆਂ ਗਤੀਵਿਧੀਆਂ ਨੂੰ ਸੱਭਿਆਚਾਰਕ ਖੇਤਰ ਤੱਕ ਸੀਮਤ ਰੱਖਣਾ ਚਾਹੀਦਾ ਹੈ, ਹਿੰਸਾ ਅਤੇ ਗੁਪਤਤਾ ਨੂੰ ਛੱਡਣਾ ਚਾਹੀਦਾ ਹੈ ਅਤੇ ਭਾਰਤ ਦੇ ਸੰਵਿਧਾਨ ਅਤੇ ਰਾਸ਼ਟਰੀ ਝੰਡੇ ਦੇ ਪ੍ਰਤੀ ਵਫ਼ਾਦਾਰੀ ਪ੍ਰਗਟ ਕਰਨੀ ਚਾਹੀਦੀ ਹੈ। (ਦ ਆਰਐੱਸਐੱਸ: ਅ ਮੈਨੇਸ ਟੂ ਇੰਡੀਆ, ਏ ਜੀ ਮੂਰਾਨੀ, ਪੰਨਾ 375)

**9. ਕੀ ਸੰਘ ਨੇ ਭਾਰਤ ਦੇ ਆਜ਼ਾਦੀ ਅੰਦੋਲਨ ’ਚ ਹਿੱਸਾ ਲਿਆ ਸੀ ?**

ਰਾਸ਼ਟਰੀ ਸਵੈਮਸੇਵਕ ਸੰਘ ਦੀ ਇੱਕ ਵੱਡੀ ਆਲੋਚਨਾ ਇਹ ਕੀਤੀ ਜਾਂਦੀ ਹੈ ਕਿ ਉਸ ਨੇ ਬ੍ਰਿਟਿਸ਼ ਰਾਜ ਦੇ ਵਿਰੁੱਧ ਭਾਰਤ ਦੇ ਆਜ਼ਾਦੀ ਅੰਦੋਲਨ ’ਚ ਸਰਗਰਮ ਢੰਗ ਨਾਲ ਸ਼ਿਰਕਤ ਨਹੀਂ ਕੀਤੀ ਸੀ।

ਸਾਲ 1925 ’ਚ ਜਦੋਂ ਆਰਐੱਸਐੱਸ ਹੋਂਦ ’ਚ ਆਇਆ ਤਾਂ ਉਸ ਸਮੇਂ ਆਜ਼ਾਦੀ ਅੰਦੋਲਨ ਪਹਿਲਾਂ ਤੋਂ ਹੀ ਜ਼ੋਰ ਫੜ ਚੁੱਕਿਆ ਸੀ।

ਗੋਲਵਲਕਰ ਦੇ ਬਿਆਨਾਂ ਦਾ ਹਵਾਲਾ ਦਿੰਦੇ ਹੋਏ ਇਹ ਕਈ ਵਾਰ ਕਿਹਾ ਗਿਆ ਹੈ ਕਿ ਆਰਐੱਸਐੱਸ ਨੇ ਸਾਲ 1942 ਦੇ ਭਾਰਤ ਛੱਡੋ ਅੰਦੋਲਨ ’ਚ ਹਿੱਸਾ ਨਹੀਂ ਲਿਆ ਸੀ।

ਉੱਥੇ ਹੀ ਦੂਜੇ ਪਾਸੇ ਸੰਘ ਦਾ ਕਹਿਣਾ ਹੈ ਕਿ ਉਸ ਨੇ ਆਜ਼ਾਦੀ ਦੀ ਜੰਗ ’ਚ ਵੱਧ ਚ ?ਹੜ ਕੇ ਹਿੱਸਾ ਲਿਆ ਹੈ।

ਆਪਣੀ ਕਿਤਾਬ ’ਚ ਸੁਨੀਲ ਅੰਬੇਕਰ ਲਿਖਦੇ ਹਨ ਕਿ ਸੰਘ ਨੇ 26 ਜਨਵਰੀ, 1930 ਨੂੰ ਆਪਣੀਆਂ ਸਾਰੀਆਂ ਸ਼ਾਖਾਵਾਂ ’ਚ ਸੁਤੰਤਰਤਾ ਦਿਵਸ ਦੇ ਰੂਪ ’ਚ ਮਨਾਇਆ ਸੀ ਅਤੇ ਹਜ਼ਾਰਾਂ ਸਵੈਮਸੇਵਕਾਂ ਨੇ ਖੁੱਲ੍ਹੇ ਤੌਰ ’ਤੇ ਸੁਤੰਤਰਤਾ ਅੰਦੋਲਨ ’ਚ ਸ਼ਿਰਕਤ ਕੀਤੀ ਸੀ ਅਤੇ ਸੰਘ ਨੇ ਵੀ ਖੁੱਲ੍ਹ ਕੇ ਉਨ੍ਹਾਂ ਦਾ ਸਮਰਥਨ ਕੀਤਾ ਸੀ।

ਅੰਬੇਕਰ ਕਹਿੰਦੇ ਹਨ ਕਿ ਆਰਐੱਸਐੱਸ ਨੇ ਸਿਵਲ ਨਾ.ਫਰਮਾਨੀ ਅੰਦੋਲਨ ਅਤੇ ਭਾਰਤ ਛੱਡੋ ਅੰਦੋਲਨ ’ਚ ਵੀ ਹਿੱਸਾ ਲਿਆ ਸੀ।

ਆਰਐੱਸਐੱਸ ਦੇ ਮੁੱਖ ਪੱਤਰ ਦ ਆਰਗੇਨਾਈਜ਼ਰ ’ਚ ਸਾਲ 2022 ’ਚ ਪ੍ਰਕਾਸ਼ਿਤ ਡਮਰੂ ਧਰ ਪਟਨਾਇਕ ਦੇ ਇੱਕ ਲੇਖ ’ਚ ਕਿਹਾ ਗਿਆ ਹੈ ਕਿ 20 ਜੂਨ, 1940 ਨੂੰ ਨੇਤਾਜੀ ਸੁਭਾਸ਼ ਚੰਦਰ ਬੋਸ ਡਾ. ਹੇਡਗੇਵਾਰ ਨੂੰ ਮਿਲਣ ਲਈ ਪਹੁੰਚੇ ਸਨ।

ਪਟਨਾਇਕ ਲਿਖਦੇ ਹਨ, ÷ਉਸ ਸਮੇਂ ਡਾਕਟਰ ਜੀ ਆਰਐੱਸਐੱਸ ਦੇ ਪ੍ਰਮੁੱਖ ਅਧਿਕਾਰੀ ਬਾਬਾ ਸਾਹਿਬ ਘਟਾਟੇ ਦੇ ਘਰ ਸਿਹਤ ਲਾਭ ਲੈ ਰਹੇ ਸਨ। ਜਦੋਂ ਤੱਕ ਉਹ (ਨੇਤਾਜੀ) ਪਹੁੰਚੇ ਹੇਡਗੇਵਾਰ ਸੌਂ ਚੁੱਕੇ ਸਨ ਅਤੇ ਉਨ੍ਹਾਂ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ।÷

**10. ਆਰਐੱਸਐੱਸ ਅਤੇ ਬੀਜੇਪੀ ਦਰਮਿਆਨ ਕੀ ਸਬੰਧ ਹੈ ?**

ਆਰਐੱਸਐੱਸ ਨੂੰ ਭਾਰਤੀ ਜਨਤਾ ਪਾਰਟੀ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਪਿਛਲੀਆਂ ਤਿੰਨ ਲੋਕ ਸਭਾ ਚੋਣਾਂ ਅਤੇ ਕਈ ਵਿਧਾਨ ਸਭਾ ਚੋਣਾਂ ’ਚ ਇਹ ਚਰਚਾ ਆਮ ਰਹੀ ਹੈ ਕਿ ਸੰਘ ਦੇ ਵਰਕਰਾਂ ਦੀ ਜ਼ਮੀਨੀ ਪੱਧਰ ’ਤੇ ਮੌਜੂਦਗੀ ਦੇ ਕਾਰਨ ਹੀ ਭਾਜਪਾ ਨੂੰ ਸਿਆਸੀ ਲਾਭ ਮਿਲਦਾ ਹੈ ਅਤੇ ਪਾਰਟੀ ਚੋਣਾਂ ਜਿੱਤ ਕੇ ਸਰਕਾਰਾਂ ਬਣਾਉਣ ’ਚ ਕਾਮਯਾਬ ਰਹੀ ਹੈ। ਸੰਘ ਦੇ ਆਗੂਆਂ ਨੇ ਕਈ ਵਾਰ ਕਿਹਾ ਹੈ ਕਿ ਉਹ ਪਾਰਟੀ ਰਾਜਨੀਤੀ ’ਚ ਸ਼ਾਮਲ ਨਹੀਂ ਹਨ। ਪਰ ਇਹ ਵੀ ਕੋਈ ਲੁਕੀ ਹੋਈ ਗੱਲ ਨਹੀਂ ਹੈ ਕਿ ਸੰਘ ਨਾਲ ਜੁੜੇ ਬਹੁਤ ਸਾਰੇ ਲੋਕ ਹੁਣ ਭਾਰਤੀ ਜਨਤਾ ਪਾਰਟੀ ’ਚ ਹਨ ਅਤੇ ਸਰਗਰਮ ਰਾਜਨੀਤੀ ਦਾ ਹਿੱਸਾ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਵਰਗੇ ਸਾਰੇ ਆਗੂ ਆਪਣੇ ਸ਼ੁਰੂਆਤੀ ਦੌਰ ਤੋਂ ਹੀ ਆਰਐੱਸਐੱਸ ਦਾ ਹਿੱਸਾ ਰਹੇ ਹਨ। ਸੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਵਿਚਾਲੇ ਨਜ਼ਦੀਕੀ ਸਬੰਧਾਂ ਦੀ ਝਲਕ 2015 ’ਚ ਵੇਖਣ ਨੂੰ ਮਿਲੀ ਜਦੋਂ ਕੇਂਦਰ ’ਚ ਭਾਜਪਾ ਸਰਕਾਰ ਬਣਨ ਤੋਂ ਇੱਕ ਸਾਲ ਬਾਅਦ ਦਿੱਲੀ ਦੇ ਵਸੰਤ ਕੁੰਜ ’ਚ ਸਥਿਤ ਮੱਧਯੰਚਲ ਭਵਨ ’ਚ ਲਗਾਤਾਰ 3 ਦਿਨਾਂ ਤੱਕ ਮੋਦੀ ਸਰਕਾਰ ਦੇ ਉੱਚ ਮੰਤਰੀਆਂ ਨੇ ਆਰਐੱਸਐੱਸ ਦੀ ਇੱਕ ਬੈਠਕ ’ਚ ਸ਼ਮੂਲੀਅਤ ਕੀਤੀ ਅਤੇ ਆਪੋ-ਆਪਣੇ ਮੰਤਰਾਲਿਆਂ ਦੇ ਕੰਮਕਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।




## ਪਹਿਲਾਂ ਕੈਨੇਡਾ ਨੇ ਅੱਵਾਦੀਆਂ ਨੂੰ ਪਨਾਹ ਦਿੱਤੀ

# ਹੁਣ ਆਪੇ ਹੀ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਗਰਦਾਨਿਆ

**ਸੁਰਜੀਤ ਸਿੰਘ ਫਲੋਰਾ**

ਕਈ ਸਾਲਾਂ ਤੋਂ, ਕੈਨੇਡਾ ਅੱਤਵਾਦੀਆਂ ਲਈ ਇੱਕ ਸੁਰੱਖਿਅਤ ਕੇਂਦਰ ਵਾਂਗ ਰਿਹਾ ਹੈ। ਭਾਰਤ ਨੇ ਕੈਨੇਡਾ ਨੂੰ ਵਾਰ-ਵਾਰ ਕਿਹਾ ਕਿ ਉਹ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਵੇ ਅਤੇ ਇਸ ਨਾਲ ਨਜਿੱਠਣ। ਆਖ਼ਰਕਾਰ, ਸੋਮਵਾਰ ਨੂੰ, ਕੈਨੇਡੀਅਨ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਐਲਾਨਿਆ, ਜਿਸ ਕਾਰਨ ਇਸਦੀਆਂ ਕਿਸੇ ਵੀ ਗਤੀਵਿਧੀਆਂ ਅਤੇ ਇਸਦੇ ਮੈਂਬਰਾਂ ਦੁਆਰਾ ਕੀਤੀਆਂ ਗਈਆਂ ਅਪਰਾਧਿਕ ਕਾਰਵਾਈਆਂ ਨੂੰ ਹੁਣ ਇੱਕ ਸਖ਼ਤ ਕਾਨੂੰਨੀ ਢਾਂਚੇ ਦੇ ਤਹਿਤ ਵਿਚਾਰਿਆ ਜਾਵੇਗਾ। ਇਹ ਮੰਗ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਅਤੇ ਐਨਡੀਪੀ ਦੁਆਰਾ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ। ਭਾਰਤ ਤੋਂ ਬਾਹਰ ਕੰਮ ਕਰ ਰਹੇ ਬਿਸ਼ਨੋਈ ਗੈਂਗ ਨੂੰ ਪਿਛਲੇ ਸਾਲ ਆਰਸੀਐਮਪੀ ਪੁਲਿਸ ਦੇ ਦੋਸ਼ਾਂ ਤੋਂ ਬਾਅਦ ਆਇਆ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਸਮੂਹ ਕੈਨੇਡਾ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਹਿੰਸਾ ਅਤੇ ਡਰਾਉਣ-ਧਮਕਾਉਣ ਦੀ ਮੁਹਿੰਮ ਪਿੱਛੇ ਸੀ।

ਦਰਅਸਲ ! ਸਾਰੇ ਸਿੱਖ ਅੱਤਵਾਦੀ ਨਹੀਂ ਹਨ, ਨਾ ਹੀ ਸਾਰੇ ਅੱਤਵਾਦੀ ਸਿੱਖ ਹਨ। ਪਿਛਲੇ ਸਾਲ, ਥੈਂਕਸਗਿ ?ਵੰਗ ਵੀਕਐਂਡ ਦੌਰਾਨ, ਬਿਸ਼ਨੋਈ ਗੈਂਗ ਨੇ ਕੈਨੇਡਾ ਵਿੱਚ ਰਾਸ਼ਟਰੀ ਧਿਆਨ ਆਪਣੇ ਵੱਲ ਖਿੱਚਿਆ ਜਦੋਂ ਆਰਸੀਐਮਪੀ ਨੇ ਉਨ੍ਹਾਂ ’ਤੇ ਭਾਰਤ ਵਿੱਚ ਸਥਾਪਤ ਕੀਤੇ ਜਾਣ ਵਾਲੇ ਇੱਕ ਸੁਤੰਤਰ ਸਿੱਖ ਰਾਜ, ਖਾਲਿਸਤਾਨ ਵਜੋਂ ਜਾਣੇ ਜਾਂਦੇ ਕੈਨੇਡੀਅਨ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਅਪਰਾਧ ਕਰਨ ਦੇ ਦੋਸ਼ ਲਗਾਏ।

ਉਨਟੈਰਿਉ , ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਘੱਟੋ-ਘੱਟ 2023 ਤੋਂ ਮਿਲਦੇ-ਜੁਲਦੇ ਦਾਅਵੇ ਕੀਤੇ ਸਨ। ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਡਿਪਲੋਮੈਟਾਂ ਨੇ ਕੈਨੇਡਾ ਵਿੱਚ ਖਾਲਿਸਤਾਨ ਸਮਰਥਕਾਂ ਬਾਰੇ ਵੇਰਵੇ ਨਵੀਂ ਦਿੱਲੀ ਦੇ ਅਧਿਕਾਰੀਆਂ ਨੂੰ ਪ੍ਰਦਾਨ ਕੀਤੇ ਸਨ, ਜਿਨ੍ਹਾਂ ਨੇ ਬਾਅਦ ਵਿੱਚ ਇਹ ਜਾਣਕਾਰੀ ਬਿਸ਼ਨੋਈ ਗੈਂਗ ਨੂੰ ਦਿੱਤੀ ਸੀ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਇਹ ਟਰੂਡੋ ਨੇ ਮੋਦੀ ਨਾਲ ਖਾਰ ਖਾਂਦੀ ਹੈ ਕਿਉਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ 2018 ਵਿੱਚ ਭਾਰਤ ਦਾ ਅੱਠ ਦਿਨਾਂ ਦਾ ਦੌਰਾ ਇੱਕ ਪੂਰੀ ਤਰ੍ਹਾਂ ਰਾਜਨੀਤਿਕ ਆਫ਼ਤ ਸੀ।

ਯਾਤਰਾ ਇੱਕ ਬਹੁਤ ਹੀ ਅਸੰਤੁਸ਼ਟੀਜਨਕ ਸ਼ੁਰੂਆਤ ਨਾਲ ਸ਼ੁਰੂ ਹੋਈ, ਕਿਉਂਕਿ ਟਰੂਡੋ ਵਫ਼ਦ ਦਾ ਹਵਾਈ ਅੱਡੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਤਰੀ ਮੰਡਲ ਦੇ ਮੈਂਬਰ ਦੀ ਬਜਾਏ ਇੱਕ ਰਾਜ ਮੰਤਰੀ ਦੁਆਰਾ ਸਵਾਗਤ ਕੀਤਾ ਗਿਆ ਸੀ।

ਅੰਤਰਰਾਸ਼ਟਰੀ ਅਤੇ ਸਥਾਨਕ ਨਿਰੀਖਕਾਂ ਨੇ ਸੁਝਾਅ ਦਿੱਤਾ ਕਿ ਵੱਖਵਾਦੀਆਂ ਅਤੇ ਕੱਟੜਪੰਥੀਆਂ ਨਾਲ ਸ਼ੱਕੀ ਸਬੰਧਾਂ ਕਾਰਨ, ਸਪੱਸ਼ਟ ਅਣਦੇਖੀ ਨੂੰ ਧਿਆਨ ਵਿੱਚ ਰੱਖਦੇ ਹੋਏ, ਟਰੂਡੋ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਸੀ। ਪੰਜਾਬ ਦੇ ਸਾਬਿਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਇਹ ਭਰੋਸਾ ਦਿਵਾਉਣ ਦੀਆਂ ਵਿਆਪਕ ਕੋਸ਼ਿਸ਼ਾਂ ਦੇ ਬਾਵਜੂਦ ਕਿ ਉਨ੍ਹਾਂ ਦਾ ਪ੍ਰਸ਼ਾਸਨ ਕੱਟੜਪੰਥੀਆਂ ਨਾਲ ਜੁੜਿਆ ਨਹੀਂ ਹੈ, ਭਾਰਤ ਦੀ ਯਾਤਰਾ ਦੌਰਾਨ ਉਨ੍ਹਾਂ ਦੇ ਆਪਣੇ ਹੀ ਦਲ ਵਿੱਚ ਇੱਕ ਅਜਿਹਾ ਵਿਅਕਤੀ ਮਿ ?ਲਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ, ਸਥਿਤੀ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਕੈਨੇਡੀਅਨ ਹਾਈ ਕਮਿਸ਼ਨਰ ਨੇ ਜਸਪਾਲ ਅਟਵਾਲ, ਜੋ ਕਿ ਇੱਕ ਸਿੱਖ ਕੱਟੜਪੰਥੀ ਹੈ, ਨੂੰ ਦਿੱਲੀ ਵਿੱਚ ਟਰੂਡੋ ਦੇ ਸਨਮਾਨ ਵਿੱਚ ਰਾਤ ਦੇ ਖਾਣੇ ਲਈ ਸੱਦਾ ਦਿੱਤਾ, ਜਿਸਦਾ ਕਤਲ ਦੀ ਕੋਸ਼ਿਸ਼ ਦਾ ਇਤਿਹਾਸ ਹੈ ਅਤੇ ਇੱਕ ਅੱਤਵਾਦੀ ਸੰਗਠਨ ਨਾਲ ਪੁਰਾਣੇ ਸਬੰਧ ਹਨ। ਅਟਵਾਲ ਨੂੰ 1986 ਵਿੱਚ ਇੱਕ ਭਾਰਤੀ ਮੰਤਰੀ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਬ੍ਰਿ ?ਟਸ਼ ਕੋਲੰਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਉੱਜਲ ਦੋਸਾਂਝ ’ਤੇ ਹਮਲੇ ਵਿੱਚ ਵੀ ਸ਼ਾਮਲ ਸੀ।

ਜਦੋਂ ਅਟਵਾਲ ਦਾ ਸੱਦਾ ਰੱਦ ਕਰ ਦਿੱਤਾ ਗਿਆ ਸੀ - ਜਿਸਨੂੰ ਟਰੂਡੋ ਨੇ ÷ਮੰਦਭਾਗਾ÷ ਦੱਸਿਆ ਸੀ - ਅਟਵਾਲ ਪਹਿਲਾਂ ਹੀ ਮੁੰਬਈ ਵਿੱਚ ਟਰੂਡੋ ਦੀ ਪਤਨੀ ਸੋਫੀ ਨਾਲ ਆਪਣੇ ਸਾਥੀਆਂ ਦੇ ਹੋਰ ਮੈਂਬਰਾਂ ਨਾਲ ਫੋਟੋਆਂ ਖਿੱਚਵਾ ਚੁੱਕੇ ਸਨ।

ਇਹ ਸਥਿਤੀ ਭਾਰਤ ਦੇ ਖਾਲਿਸਤਾਨੀ ਪੱਖੀ ਸਿੱਖਾਂ ਲਈ ਕੈਨੇਡਾ ਦੇ ਸਪੱਸ਼ਟ ਸਮਰਥਨ ਪ੍ਰਤੀ ਅਸੰਤੁਸ਼ਟੀ ਤੋਂ ਪੈਦਾ ਹੁੰਦੀ ਹੈ, ਜਦੋਂ ਕਿ ਸ੍ਰੀ ਟਰੂਡੋ ਇਸ ਮਾਮਲੇ ’ਤੇ ਖਾਸ ਤੌਰ ’ਤੇ ਚੁੱਪ ਰਹਿੰਦੇ ਰਹੇ, ਕਦੇ ਵੀ ਇਸ ਮੁੱਦੇ ਨੂੰ ਸਿੱਧੇ ਤੌਰ ’ਤੇ ਸੰਬੋਧਿਤ ਨਹੀਂ ਕੀਤਾ ਕਦੇ ਹੀ ਇਸ ਮੁਦੇ ਨੂੰ ਗੰਭੀਤਾਂ ਨਾਲ ਨਹੀਂ ਲਿਆ।

ਅਕਤੂਬਰ 2024 ਵਿੱਚ ਦੋਵਾਂ ਸਰਕਾਰਾਂ ਦੇ ਸਬੰਧਾਂ ਨੇ ਇੱਕ ਹੋਰ ਮੋੜ ਲੈ ਲਿਆ, ਜਦੋਂ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਨੇ ਕਿਹਾ ਕਿ ਉਸਨੂੰ ਅਜਿਹੇ ਠੋਸ ਸਬੂਤ ਮਿਲੇ ਹਨ ਜੋ ਭਾਰਤ ਸਰਕਾਰ ਦੇ ÷ਉੱਚ ਪੱਧਰਾਂ÷ ਨੂੰ ਬਿਸ਼ਨੋਈ ਗੈਂਗ ਦੁਆਰਾ ਕੈਨੇਡੀਅਨਾਂ ਵਿਰੁੱਧ ਚਲਾਈ ਗਈ ਡਰਾਉਣ-ਧਮਕਾਉਣ ਅਤੇ ਹਿੰਸਾ ਦੀ ਮੁਹਿੰਮ ਨਾਲ ਜੋੜਦੇ ਹਨ।

ਇਸ ਖੋਜ ਤੋਂ ਬਾਅਦ, ਕੈਨੇਡਾ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਹਟਾ ਦਿੱਤਾ, ਅਤੇ ਭਾਰਤ ਨੇ ਜਵਾਬੀ ਕਾਰਵਾਈ ਵਿੱਚ ਉਸੇ ਗਿਣਤੀ ਵਿੱਚ ਕੈਨੇਡੀਅਨਾਂ ਨੂੰ ਹਟਾ ਕੇ ਜਵਾਬ ਦਿੱਤਾ।

ਭਾਰਤ ਨੇ ਕਿਹਾ ਹੈ ਕਿ ਕੈਨੇਡਾ ਸਿੱਖ ਕੱਟੜਪੰਥੀਆਂ ਨੂੰ ਦੋਵਾਂ ਦੇਸ਼ਾਂ ਵਿੱਚ ਧਮਕੀਆਂ ਦੇਣ ਅਤੇ ਹਿੰਸਕ ਕਾਰਵਾਈਆਂ ਕਰਨ ਦੀ ਇਜਾਜ਼ਤ ਦੇ ਰਿਹਾ ਹੈ, ਇਹ ਦਾਅਵਾ ਕਰਦੇ ਹੋਏ ਕਿ ਉਟਵਾ ਨੇ 1984 ਦੇ ਏਅਰ ਇੰਡੀਆ ਹਮਲੇ ਦੀ ਗਹਿਰਾਈ ਨੂੰ ਰੋਕਣ ਲਈ ਕਾਫ਼ੀ ਗੰਭੀਰਤਾਂ ਨਹੀਂ ਦਿਖਾਈ ਜੇ ਦਿਖਾਈ ਹੁੰਦੀ ਤਾਂ ਇਹ ਹਾਦਸਾ ਟਲ ਸਕਦਾ ਸੀ ਤੇ ਲੋਕਾਂ ਦੀ ਜਾਨ ਬਚ ਸਕਦੀ ਸੀ।

ਦਰਅਸਲ, ਕੈਨੇਡਾ ਤੋਂ ਲੰਡਨ ਰਾਹੀਂ ਭਾਰਤ ਜਾਣ ਵਾਲਾ ਏਅਰ ਇੰਡੀਆ ਦਾ ਇੱਕ ਜਹਾਜ਼ 23 ਜੂਨ, 1985 ਨੂੰ ਆਇਰਲੈਂਡ ਦੇ ਤੱਟ ’ਤੇ ਧਮਾਕਾ ਹੋ ਗਿਆ, ਜਿਸ ਵਿੱਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ। ਜਹਾਜ਼ ਵਿੱਚ ਰੱਖੇ ਇੱਕ ਬੈਗ ਵਿੱਚ ਬੰਬ ਸੀ ਭਾਵੇਂ ਟਿਕਟ ਖਰੀਦਣ ਵਾਲਾ ਵਿਅਕਤੀ ਸਵਾਰ ਨਹੀਂ ਹੋਇਆ ਸੀ। ਮਰਨ ਵਾਲੇ 268 ਕੈਨੇਡੀਅਨ ਸਨ; ਉਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਸਨ, ਅਤੇ 24 ਭਾਰਤੀ ਸਨ। ਪਾਣੀ ਵਿੱਚੋਂ ਸਿਰਫ਼ 131 ਲਾਸ਼ਾਂ ਮਿਲੀਆਂ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਨੇ ਤਲਵਿੰਦਰ ਸਿੰਘ ਪਰਮਾਰ - ਬੱਬਰ ਖਾਲਸਾ ਨਾਮਕ ਇੱਕ ਕੱਟੜਪੰਥੀ ਸੰਗਠਨ ਦੇ ਮੁਖੀ, ਜੋ ਕਿ ਹੁਣ ਕੈਨੇਡਾ ਅਤੇ ਭਾਰਤ ਵਿੱਚ ਗੈਰ-ਕਾਨੂੰਨੀ ਹੈ - ਅਤੇ ਇੰਦਰਜੀਤ ਸਿੰਘ ਰਿਆਤ, ਇੱਕ ਇਲੈਕਟ ?ਰੀਸ਼ੀਅਨ, ਨੂੰ ਕਈ ਹਥਿਆਰਾਂ, ਵਿਸਫੋਟਕਾਂ ਅਤੇ ਸਾਜ਼ਿਸ਼ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਸੀ ।

ਰ ਪਰਮਾਰ - ਜਿਸਨੂੰ ਭਾਰਤ ਨੇ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਕੈਨੇਡਾ ਤੋਂ ਹਵਾਲਗੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ - ਵਿਰੁੱਧ ਕੇਸ ਗਲਤ ਢੰਗ ਨਾਲ ਚਲਾਇਆ ਗਿਆ ਸੀ, ਅਤੇ ਉਸਨੂੰ ਡਿਸਚਾਰਜ ਕਰ ਦਿੱਤਾ ਗਿਆ ਸੀ।

ਇਹ ਵੀ ਸੱਚ ਹੈ ਕਿ ਕੈਨੇਡਾ ਦਾ ਖਾਲਿਸਤਾਨੀ ਬਾਗ਼ੀਆਂ ਅਤੇ ਅਪਰਾਧੀਆਂ ਦੀ ਮਦਦ ਕਰਨ ਦਾ ਇਤਿਹਾਸ ਰਿਹਾ ਹੈ, ਭਾਵੇਂ ਇਸਦਾ ਮਤਲਬ ਹੋਰ ÷ਦੇਸੀ÷ ਨਿਵਾਸੀਆਂ ਦੀਆਂ ਜਾਨਾਂ ਨੂੰ ਜੋਖਮ ਵਿੱਚ ਪਾਉਣਾ ਸੀ। ਭਾਰਤ ਸਰਕਾਰ ਨੇ ਨਿੱਝਰ ਸਮੇਤ ਇਨ੍ਹਾਂ ਅੱਤਵਾਦੀਆਂ ਅਤੇ ਠੱਗਾਂ ਬਾਰੇ ਕੈਨੇਡਾ ਨੂੰ ਕਈ ਫਾਈਲਾਂ ਭੇਜੀਆਂ, ਪਰ ਕੈਨੇਡਾ ਨੇ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ।

ਕੈਨੇਡਾ ਵਿੱਚ, ਇਸ ਸਮੇਂ ਇੱਕ ਖਾਲਿਸਤਾਨੀ ਗੈਂਗ ਵਾਰ ਚੱਲ ਰਹੀ ਹੈ ਜਿਸ ਦੇ ਨਤੀਜੇ ਵਜੋਂ ਕਈ ਖਾਲਿਸਤਾਨੀ ਅਪਰਾਧੀਆਂ ਦੀ ਮੌਤ ਹੋ ਗਈ ਹੈ। ਨਿੱਝਰ ਗੈਂਗ ਨੇ ਰਿਆਤ ਦਾ ਕਤਲ ਵੀ ਕਰ ਦਿੱਤਾ ਸੀ। ਦਰਅਸਲ, ਜਦੋਂ ਤੋਂ ਟਰੂਡੋ ਤੋਂ ਬਾਅਦ ਕੈਨੇਡਾ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧਾਂ ਦੀ ਹੌਲੀ-ਹੌਲੀ ਮੁੜ ਸਥਾਪਨਾ ਨੂੰ ਤਰਜੀਹ ਦੇ ਰਹੇ ਹਨ। ਦੋਵਾਂ ਦੇਸ਼ਾਂ ਵਿਚਕਾਰ ਵਿਸ਼ਵਾਸ ਪੈਦਾ ਕਰਨ ਲਈ, ਕਾਨੂੰਨ ਲਾਗੂ ਕਰਨ ਵਾਲੀਆਂ ਚਰਚਾਵਾਂ ਖਾਸ ਤੌਰ ’ਤੇ ਮਹੱਤਵਪੂਰਨ ਸਾਬਿਤ ਹੋ ਰਹੀਆਂ ਹਨ। ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਤੋਂ ਬਾਅਦ, ਕੈਨੇਡੀਅਨ ਸਰਕਾਰ ਇਸ ਗੈਂਗ ਨਾਲ ਜੁੜੇ ਲੋਕਾਂ ਦੇ ਬੈਂਕ ਖਾਤੇ ਜ਼ਬਤ ਕਰ ਸਕਦੀ ਹੈ, ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਸਕਦੀ ਹੈ, ਅਤੇ ਉਨ੍ਹਾਂ ਦੀ ਕਿਸੇ ਵੀ ਅਪਰਾਧਿਕ ਗਤੀਵਿਧੀ ਨੂੰ ਪੁਲਿਸ ਅਤੇ ਅਦਾਲਤਾਂ ਦੁਆਰਾ ਆਮ ਨਾਲੋਂ ਵੱਖਰੇ ਸਖ਼ਤ

> *“ਕੈਨੇਡੀਅਨ ਸਰਕਾਰ ਵਲੋਂ ਹੁਣ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਐਲਾਨੇ ਜਾਣ ਤੋਂ ਬਆਦ ਜੋ ਲੋਕ ਲਾਰੈਂਸ ਬਿਸ਼ਨੋਈ ਦੇ ਗੈਂਗ ਨੂੰ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨਗੇ, ਜਿਸਨੇ ਕਥਿਤ ਤੌਰ ’ਤੇ ਜੇਲ੍ਹ ਤੋਂ ਫੋਨ ’ਤੇ ਅਪਰਾਧਿਕ ਨਿਰਦੇਸ਼ ਦਿੱਤੇ ਸਨ, ਉਹ ਹੁਣ ਕਾਨੂੰਨੀ ਮੁਸੀਬਤ ਵਿੱਚ ਫਸ ਜਾਣਗੇ। ਪਿਛਲੇ ਸਾਲ, ਕੈਨੇਡੀਅਨ ਫੈਡਰਲ ਪੁਲਿਸ ਨੇ ਦੋਸ਼ ਲਗਾਇਆ ਸੀ ਕਿ ਬਿਸ਼ਨੋਈ ਗੈਂਗ ਕੈਨੇਡਾ ਵਿੱਚ ਕਈ ਕਤਲਾਂ ਅਤੇ ਹਿੰਸਕ ਕਾਰਵਾਈਆਂ ਵਿੱਚ ਸ਼ਾਮਲ ਸੀ, ਜੋ ਉਨ੍ਹਾਂ ਨੇ ਕਥਿਤ ਤੌਰ ’ਤੇ ਭਾਰਤੀ ਖੁਫੀਆ ਏਜੰਸੀਆਂ ਦੀ ਸਰਬੋਤਮ ਵਰਤੋਂ ’ਤੇ ਕੀਤੀਆਂ ਸਨ। ਭਾਰਤ ਸਰਕਾਰ ਕੈਨੇਡਾ ਦੁਆਰਾ ਇਨ੍ਹਾਂ ਦੋਸ਼ਾਂ ਨੂੰ ਨਕਾਰਦੀ ਰਹੀ ਹੈ।*
> *ਅਸਲ ਵਿਚ ਸਤੰਬਰ 2023 ਵਿੱਚ, ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ਼ ਕਾਮਨਜ਼ ਨੂੰ ਦੱਸਿਆ ਕਿ ਕੈਨੇਡਾ ਕੋਲ ÷ਭਰੋਸੇਯੋਗ÷ ਸਬੂਤ ਹਨ ਕਿ ਨਵੀਂ ਦਿੱਲੀ ਇੱਕ ਸਿੱਖ ਕਾਰਕੁਨ, ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਸੀ, ਜਿਸਦੀ ਮੌਤ ਦੇ ਰਹੱਸ ਅਜੇ ਕਿਤੇ ਨਾ ਕਿਤੇ ਦਫ਼ਨ ਹੋਏ ਪਏ ਨੇ। ਝਦ ਕਿ ਭਾਰਤ ਲਈ, ਉਹ ਇੱਕ ਅੱਤਵਾਦੀ ਤੋਂ ਵੱਧ ਕੁਝ ਨਹੀਂ ਸੀ।”*

ਕਾਨੂੰਨਾਂ ਅਧੀਨ ਵਿਚਾਰਿਆ ਜਾਵੇਗਾ। ਇਹ ਗੱਲ ਜ਼ਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਪਿਛਲੇ ਸਮੇਂ ਵਿੱਚ ਕੈਨੇਡਾ ਵਿੱਚ ਵਾਪਰੀਆਂ ਕਈ ਹੱਤਿਆਵਾਂ, ਫਿਰੌਤੀ ਦੀ ਮੰਗ ਅਤੇ ਹੋਰ ਹਿੰਸਕ ਕਾਰਵਾਈਆਂ ਦੀ ਜ਼ਿੰਮੇਵਾਰੀ ਲੈਂਦਾ ਰਿਹਾ ਹੈ। ਇਹੀ ਮੰਗ ਵਿਰੋਧੀ ਪਾਰਟੀ ਦੇ ਨਾਲ-ਨਾਲ ਕੁਝ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਸ਼ਹਿਰਾਂ ਦੇ ਮੇਅਰਾਂ ਨੇ ਵੀ ਵਧੇ ਹੋਏ ਅਪਰਾਧ ਨੂੰ ਘਟਾਉਣ ਲਈ ਉਠਾਈ ਹੈ। ਇਸ ਤੋਂ ਇਲਾਵਾ, ਬਰੈਂਪਟਨ ਸ਼ਹਿਰ ਦੇ ਮੇਅਰ ਪੈਟ੍ਰਿਕ ਬ੍ਰਾਊਨ ਕੈਨੇਡਾ ਸਰਕਾਰ ਦੇ ਬਿਸ਼ਨੋਈ ਗੈਂਗ ਨੂੰ ਰਸਮੀ ਤੌਰ ’ਤੇ ਅਪਰਾਧਿਕ ਸੰਹਿਤਾ ਦੇ ਤਹਿਤ ਇੱਕ ਅੱਤਵਾਦੀ ਸੰਸਥਾ ਵਜੋਂ ਨਾਮਜ਼ਦ ਕਰਨ ਦੇ ਫੈਸਲੇ ਦੀ ਸ਼ਲਾਘਾ ਕਰ ਰਹੇ ਹਨ। ਇਹ ਨਾਮਜ਼ਦਗੀ ਮਿਊਂਸਪਲ ਆਗੂਆਂ, ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਭਾਈਚਾਰਕ ਸੰਗਠਨਾਂ ਵੱਲੋਂ ਮਹੀਨਿਆਂ ਦੀ ਵਕਾਲਤ ਤੋਂ ਬਾਅਦ ਹੈ - ਜਿਸ ਵਿੱਚ ਮੇਅਰ ਬ੍ਰਾਊਨ ਦਾ ਜੂਨ 2025 ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੂੰ ਤੁਰੰਤ ਕਾਰਵਾਈ ਦੀ ਮੰਗ ਕਰਨ ਵਾਲਾ ਪੱਤਰ ਵੀ ਸ਼ਾਮਲ ਹੈ। ਮੇਅਰ ਬ੍ਰਾਊਨ ਨੇ ਗੱਲ ਕਰਦੇ ਹੋਰੇ ਕਿਹਾ ਕਿ ÷ਬਿਸ਼ਨੋਈ ਗੈਂਗ ਸੂਝਵਾਨ, ਅੰਤਰਰਾਸ਼ਟਰੀ ਅਤੇ ਬੇਰਹਿਮ ਹੈ।÷ ÷ਜੇਕਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਉਨ੍ਹਾਂ ਦੇ ਨੈੱਟਵਰਕਾਂ ਨੂੰ ਖਤਮ ਕਰਨਾ ਹੈ, ਤਾਂ ਸਾਨੂੰ ਉਸ ਸੂਝ-ਬੂਝ ਨਾਲ ਮੇਲ ਕਰਨਾ ਚਾਹੀਦਾ ਹੈ - ਜਾਂ ਇਸ ਤੋਂ ਵੱਧ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਆਵਾਜਾਈ ਅਤੇ ਸੰਚਾਰ ਲੰ ?ਕਾਂ ਨੂੰ ਬੰਦ ਕਰਨਾਂ ਚਾਹਿੰਦਾ ਹੈ ਜੋ ਉਨ੍ਹਾਂ ਦੇ ਕੰਮਕਾਜ ਨੂੰ ਸਮਰੱਥ ਬਣਾਉਂਦੇ ਹਨ। ਇਸ ਤੋਂ ਇਲਾਵਾ, ਮੇਅਰ ਬ੍ਰਾਊਨ ਪੀਲ ਰੀਜਨਲ ਪੁਲਿਸ,ਬ੍ਰਿਟਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ, ਅਤੇ ਵਿਸ਼ਵ ਸਿੱਖ ਸੰਗਠਨ - ਦੇ ਨਾਲ-ਨਾਲ ਦੇਸ਼ ਭਰ ਦੇ ਮਿਊਂਸਪਲ ਆਗੂਆਂ, ਜਿਨ੍ਹਾਂ ਵਿੱਚ ਸਰੀ ਦੀ ਮੇਅਰ ਬ੍ਰੈਂਡਾ ਲੌਕ; ਐਡਮੰਟਨ ਦੀ ਮੇਅਰ ਅਮਰਜੀਤ ਸੋਹੀ; ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਸ਼ਾਮਲ ਹਨ - ਦੀਆਂ ਜ਼ਰੂਰੀ ਕਾਲਾਂ ਦਾ ਜਵਾਬ ਦੇਣ ਲਈ ਸੰਘੀ ਸਰਕਾਰ ਦਾ ਧੰਨਵਾਦ ਕਰਦੇ ਹਨ - ਜਿਨ੍ਹਾਂ ਸਾਰਿਆਂ ਨੇ ਸੰਘੀ ਸਰਕਾਰ ਨੂੰ ਫੈਸਲਾਕੁੰਨ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ ਜਿਦ ਦੀ ਬਾਦੌਂ ?ਤ ਕੈਨੇਡਾ ਸਰਕਾਰ ਵਲੋਂ ਇਹ ਅਹਿਮ ਫੈਸਲਾਂ ਲਿਆਂ ਗਿਆ। ਬਿਸ਼ਨੋਈ ਨੂੰ ਇੱਕ ਬਦਨਾਮ ਅਪਰਾਧੀ ਵਜੋਂ ਜਾਣਿਆ ਜਾਂਦਾ ਹੈ। ਉਸਨੇ ਮਸ਼ਹੂਰ ਭਾਰਤੀ ਮਸ਼ਹੂਰ ਹਸਤੀਆਂ, ਸਿਆਸਤਦਾਨਾਂ ਅਤੇ ਕਾਰੋਬਾਰੀ ਅਧਿਕਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। 2022 ਵਿੱਚ ਕੈਨੇਡਾ ਵਿੱਚ ਥੋੜ੍ਹੇ ਸਮੇਂ ਲਈ ਰਹਿ ਰਹੇ ਪੰਜਾਬੀ ਕਲਾਕਾਰ ਸਿੱਧੂ ਮੂਸੇ ਵਾਲਾ ਦੇ ਗੋਲੀਬਾਰੀ ਕਤਲ ਦੇ ਪਿੱਛੇ ਵਿਅਕਤੀ ਹੋਣ ਦਾ ਦੋਸ਼ ਉਸ ’ਤੇ ਲਗਾਇਆ ਗਿਆ ਸੀ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025





# Preetnama

Khara Sach

ਪ੍ਰੀਤਨਾਮਾ

ਖਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025



## LOWER YOUR PROPERTY TAXES

**Our fee 35% others charge 50%**

NO REDUCTION → NO FEE

CALL 516-680-8037



## HUGE TAX SAVINGS FOR OUR HOMEOWNERS

| | |
|---|---|
| Muttontown $13,435 | Woodbury - $4,836 |
| Jericho - $9,458 | Bayville - $5,797 |
| Levittown - $3,788 | Westbury - $3,609 |
| Roslyn - $3,435 | Bellmore - $3,731 |
| Wantagh - $3,208 | Bethpage - $3,066 |
| East Hills $7,925 | Manhasset $5,840 |



**Varinder K Bhalla**

Former Commissioner
Nassau County ARC

PropertyTax ReductionGuru

★★★★★ Five Star Rating by Our Clients

WWW.PropertyTaxReductionGuru.com

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025







# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323 | Website: www.preetnama.com Email preetnamausa@gmail.com | 03 OCT TO 09 OCT, 2025




# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323 | Website: www.preetnama.com Email preetnamausa@gmail.com | 03 OCT TO 09 OCT, 2025




# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama** www.preetnama.com
+1 (201) 312-4180





**PRITPAL KAUR**
Editor-In-Chief
+1 201-312-4180
+1 917-328-8436



**ADVISORY BOARD**

Joga Singh
******************************
Jaswinder Singh New Jersey
******************************
Mindi Manak
NewYork
*********************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
**********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
**********************************
Raj Rani
Video editor
**************************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਇੰਟਰਨੈਟ ਅਡਿਕਸ਼ਨ ਡਿਸਆਰਡਰ: ਇੱਕ ਨਵੀਂ ਬਿਮਾਰੀ

ਸੋਸ਼ਲ ਮੀਡੀਆ (ਸੋਮੀ) ਸਾਡੀ ਜ਼ਿੰਦਗੀ ਵਿੱਚ ਰੋਜ਼ਾਨਾ ਦੇ ਸਾਰਥੀ ਵਾਂਗ ਸ਼ਾਮਿਲ ਹੋਇਆ ਸੀ ਪਰ ਹੁਣ ਇਹ ਬਹੁਤਿਆਂ ਦੀ ਜ਼ਿੰਦਗੀ ਵਿੱਚ ਸੌਂਕਣ ਅਤੇ ਸਮੈਕ ਬਣ ਗਿਆ ਹੈ। ਦੁਨੀਆਂ ਦੇ ਹਰ ਕੋਨੇ ਵਿੱਚ ਇਸ ਪਲੇਟਫਾਰਮ ਭਾਵ ਸੋਮੀ ਨੇ ਆਪਣੀ ਹਾਜ਼ਰੀ ਲਗਾ ਦਿਤੀ ਹੈ। ਵਿਗਿਆਨ ਦੀ ਹਰ ਨਵੀਂ ਖੋਜ ਮਨੁੱਖ ਲਈ ਅਚੰਭਾ ਅਤੇ ਖਿੱਚ ਦਾ ਕਾਰਨ ਬਣਦੀ ਹੈ , ਸੋਮੀ ਵੀ ਉਸੇ ਕਤਾਰ ਵਿੱਚ ਹੈ ਬਲਕਿ ਸਭ ਤੋਂ ਅੱਗੇ ਹੈ ।

ਅੱਜ ਦੁਨੀਆਂ ਦੀ ਸਾਢੇ ਚਾਰ ਅਰਬ ਤੋਂ ਵੱਧ ਭਾਵ 58.4 ਫ਼ੀਸਦ ਆਬਾਦੀ ਸੋਮੀ ਦੀ ਵਰਤੋਂ ਕਰ ਰਹੀ ਹੈ। ਮਰਦ 53.9 ਅਤੇ 46.1 ਫ਼ੀਸਦ ਔਰਤਾਂ ਸੋਮੀ 'ਤੇ ਜੁੜੇ ਹਨ; ਇਨ੍ਹਾਂ ਵਿੱਚ ਯੂ ਟਿਊਬ, ਫੇਸਬੁੱਕ ਇੰਸਟਾਗਰਾਮ, ਫੇਸਬੁੱਕ ਮਸੈਂਜਰ, ਟਿਕਟਾੱਕ ਅਤੇ LinkedIn ਸਭ ਤੋਂ ਵੱਧ ਵਰਤੋਂ 'ਚ ਆ ਰਹੇ ਹਨ। ਇਨ੍ਹਾਂ ਤੋਂ ਇਲਾਵਾ ਪਿਨਟਰਸਟ, ਸਕਾਇਪ, ਟੈਲੀਗਰਾਮ, ਹੈਲੋ, ਵੀਚੈਟ, ਰੈਡਇਟ ਅਤੇ ਹਾਇਕ ਸੋਮੀ ਵੀ ਵਰਤੇ ਜਾ ਰਹੇ ਹਨ ।

ਇੱਕ ਤਾਜ਼ਾ ਸਰਵੇਖਣ ਅਨੁਸਾਰ ਹਰ ਇੱਕ ਵਿਅਕਤੀ ਔਸਤਨ ਢਾਈ ਘੰਟੇ (2.27 ਘੰਟੇ) ਹਰ ਰੋਜ਼ ਸੋਮੀ 'ਤੇ ਬਿਤਾਉਂਦਾ ਹੈ । ਇਹ ਗੱਲ ਤਾਂ ਠੀਕ ਹੈ ਕਿ ਮਨੁੱਖ ਨਵੀਂ ਤਕਨੀਕ ਵੱਲ ਵੱਧ ਖਿੱਚਿਆ ਜਾਂਦਾ ਹੈ ਅਤੇ ਇਸ ਵੱਲ ਵੀ ਲੋਕ ਖ਼ਾਸ ਕਰ ਨੌਜਵਾਨ ਵਰਗ ਖਿੱਚੇ ਗਏ ਹਨ। ਇਥੇ ਚਿੰਤਾ ਇਸ ਗੱਲ ਦੀ ਹੈ ਕਿ ਲੋਕ ਸੋਮੀ ਦੀ ਵਰਤੋਂ ਘੱਟ ਅਤੇ ਦੁਰਵਰਤੋਂ ਵੱਧ ਕਰ ਰਹੇ ਹਨ।

ਇਹ ਵੀ ਨਤੀਜਾ ਕੱਢਿਆ ਗਿਆ ਹੈ ਕਿ ਸੋਮੀ 'ਤੇ ਲੋਕਾਂ ਦਾ ਸਮਾਂ ਜਿਆਦਾ ਨਸ਼ਟ ਹੋ ਰਿਹਾ ਹੈ । ਜਦੋਂ ਕੋਈ ਫੇਸਬੁੱਕ ਖੋਲ੍ਹਦਾ ਹੈ ਤਾਂ ਉਹ ਫਿਰ ਸਾਰੀਆਂ ਪੋਸਟਾਂ ਹੀ ਵੇਖਦਾ ਹੈ ਜਿਸ ਨਾਲ ਉਸ ਦਾ ਸਮਾਂ ਬਰਬਾਦ ਹੁੰਦਾ ਹੈ ਅਤੇ ਇੰਝ ਲੋਕਾਂ ਵਿੱਚ ਜ਼ਬਰਦਸਤ ਬਦਲਾਅ ਆ ਰਹੇ ਹਨ । ਸੋਮੀ ਦੇ ਬਹੁਤ ਫ਼ਾਇਦੇ ਹਨ । ਨਵੇਂ ਦੋਸਤ ਅਤੇ ਰਿਸ਼ਤੇ ਬਣਦੇ ਹਨ, ਸੰਚਾਰ ਦੀ ਗਤੀ ਤੇਜ਼ ਹੋ ਗਈ ਹੈ, ਖ਼ਬਰਾਂ ਤੇਜ਼ੀ ਨਾਲ ਲੋਕਾਂ ਤੱਕ ਪਹੁੰਚ ਰਹੀਆਂ ਨੇ, ਨਵੀਂ ਪ੍ਰਤਿਭਾ ਨੂੰ ਮੌਕਾ ਮਿਲਦਾ ਹੈ, ਲੋਕਾਂ ਨੇ ਰੋਜ਼ਗਾਰ ਦੇ ਸਾਧਨ ਬਣਾ ਲਏ ਹਨ, ਟਿਕਟਾਂ ਦੀ ਬੁਕਿੰਗ, ਬਿਲ ਭੁਗਤਾਨ ਹੋਣ ਲੱਗ ਪਏ ਹਨ, ਮਾਰਕੀਟਿੰਗ ਅਤੇ ਖ਼ਰੀਦਾਰੀ ਹੋਣ ਲੱਗੀ ਹੈ, ਲੋੜਵੰਦ ਲੋਕਾਂ ਦੀ ਮਦਦ ਹੋਣ ਲੱਗੀ ਹੈ, ਯੁਵਾ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਬਣ ਰਿਹਾ ਹੈ, ਪੜ੍ਹਾਈ ਹੋਣ ਲੱਗੀ ਹੈ ਆਦਿ ।

ਸੋਮੀ ਨੂੰ ਸ਼ਰਾਰਤੀ ਲੋਕ ਦੂਸਰਿਆਂ ਨੂੰ ਬਲੈਕਮੇਲ ਕਰਨ ਲਈ ਵਰਤ ਰਹੇ ਹਨ, ਛੋਟੀ ਉਮਰ ਦੇ ਬੱਚਿਆਂ ਨੂੰ ਗ਼ਲਤ ਪ੍ਰੋਗਰਾਮ, ਤਸਵੀਰਾਂ, ਫ਼ਿਲਮਾਂ ਧੱਕੇ ਨਾਲ ਪਰੋਸੇ ਜਾ ਰਹੇ ਹਨ। ਤੁਹਾਡੇ ਸੈੱਟ 'ਤੇ ਬੇਲੋੜੇ ਸੁਨੇਹੇ ਆ ਰਹੇ ਨੇ, ਇੱਕ-ਦੂਜੇ ਵਿਰੁੱਧ ਨਫ਼ਰਤ ਫੈਲਾਈ ਜਾ ਰਹੀ ਹੈ। ਰਾਜਨੀਤਕ ਲੋਕ ਇਸ ਦੀ ਬੜੀ ਬੁਰੀ ਤਰ੍ਹਾਂ ਨਾਲ ਦੁਰਵਰਤੋਂ ਕਰ ਰਹੇ ਹਨ। ਕਿਸੇ ਵਿਅਕਤੀ ਨੂੰ ਬਦਨਾਮ ਕਰਨ ਲਈ ਇਸਦੀ ਦੁਰਵਰਤੋਂ ਹੋ ਰਹੀ ਹੈ।

ਇਸ 'ਤੇ ਮਿਲਦੀ ਬਹੁਤੀ ਜਾਣਕਾਰੀ ਖ਼ਾਸਕਰ ਸਿਹਤ ਸਬੰਧੀ ਭਰੋਸੇਯੋਗ ਨਹੀਂ ਹੁੰਦੀ। ਸੋਮੀ ਕਾਰਨ ਬਹੁਤ ਸਾਰੇ ਲੋਕ ਨਿਰਾਸ਼ਾ ਵਿੱਚ ਡੁੱਬ ਜਾਂਦੇ ਹਨ, ਸਿਹਤ ਖਰਾਬ ਰਹਿਣ ਲਗਦੀ ਹੈ, ਲੋਕਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਵਤੀਰਾ ਬਦਲ ਜਾਂਦਾ ਹੈ, ਰਿਸ਼ਤੇ ਚਰਮਰਾ ਰਹੇ ਹਨ ਅਤੇ ਪਰਿਵਾਰ ਟੁੱਟ ਰਹੇ ਹਨ। ਸੋਮੀ ਕਾਰਨ ਜੋ ਲੋਕਾਂ ਦਾ ਬੇਸ਼ਕੀਮਤੀ ਸਮਾਂ ਬਰਬਾਦ ਹੋ ਰਿਹਾ ਉਸ ਦਾ ਕੋਈ ਮੁੱਲ ਨਹੀਂ । ਇੰਟਰਨੈਟ ਅਡਿਕਸ਼ਨ ਡਿਸਔਰਡਰ (914) ਇੱਕ ਨਵੀਂ ਬਿਮਾਰੀ ਸਾਡੀ ਜ਼ਿੰਦਗੀ 'ਚ ਆ ਚੁੱਕੀ ਹੈ। ਇਸਦੇ ਲੱਛਣਾਂ ਵਿੱਚ ਸਰੀਰ 'ਚ ਪੀੜਾ, ਨੀਂਦ ਨਾ ਆਉਣਾ, ਨਿਗ੍ਹਾ 'ਤੇ ਅਸਰ, ਭਾਰ ਘਟਣਾ/ਵੱਧਣਾ, ਇਕੱਲੇ ਰਹਿਣਾ ,ਗੁੱਸਾ, ਹੱਥ ਦੇ ਵਿੱਚ ਪੀੜ, ਹੱਥ ਦਾ ਸੌਣਾ, ਕਮਜ਼ੋਰ ਹੋਣਾ ਅਤੇ ਹੱਥ ਦੀ ਪਕੜ ਢਿੱਲੀ ਕਮਜ਼ੋਰ ਪੈਣਾ ਸ਼ਾਮਿਲ ਹੈ ।

ਜੇ ਤੁਸੀਂ ਇਹ ਪਤਾ ਕਰਨਾ ਚਾਹੁੰਦੇ ਹੋ ਕਿ ਕਿਸ ਵਿਅਕਤੀ ਨੂੰ ਇਹ ਬਿਮਾਰੀ ਜਾਂ ਅਡਿਕਸ਼ਨ ਲੱਗ ਚੁੱਕੀ ਹੈ ਤਾਂ ਇਹ ਪਤਾ ਕਰੋ ਕਿ ਉਹ ਵਿਅਕਤੀ ਕਿੰਨੀ ਛੇਤੀ-ਛੇਤੀ ਮੋਬਾਇਲ ਖੋਲ੍ਹਦਾ ਹੈ ਅਤੇ ਕਿੰਨਾ-ਕਿੰਨਾ ਸਮਾਂ ਲਗਾਉਂਦਾ ਹੈ । ਇਹ ਸਥਿਤੀ ਬੜੀ ਭਿਆਨਕ ਬਣਨ ਜਾ ਰਹੀ ਹੈ । ਭਾਰਤ ਵਿੱਚ 50 ਕਰੋੜ ਤੋਂ ਵੱਧ ਲੋਕ ਸੋਮੀ ਦੀ ਵਰਤੋਂ ਕਰ ਰਹੇ ਹਨ ਅਤੇ 2040 ਤੱਕ ਇਹ ਸੰਖਿਆ ਇੱਕ ਅਰਬ ਨੂੰ ਪਾਰ ਕਰ ਜਾਵੇਗੀ । ਪ੍ਰਧਾਨ ਮੰਤਰੀ ਮੋਦੀ ਨੇ ਐਲਾਨ ਕਰ ਦਿੱਤਾ ਹੈ ਕਿ 2030 ਤੱਕ ਭਾਰਤ ਮਹਾਂਗਤੀ ਵਾਲਾ ਇੰਟਰਨੈੱਟ 6-ਜੀ ਵੀ ਲਾਗੂ ਕਰ ਦੇਵੇਗਾ।ਕਈ ਕੰਪਨੀਆਂ ਬੜੀ ਜਲਦੀ 5-ਜੀ ਵੀ ਦੇਣ ਦੀ ਤਿਆਰੀ ਕਰ ਚੁੱਕੀਆਂ ਹਨ। ਸਾਨੂੰ ਬਹੁਤ ਛੇਤੀ ਸਮਾਜਿਕ, ਪਰਿਵਾਰਕ, ਸਰਕਾਰੀ ਅਤੇ ਵਿਦਿਅਕ ਪੱਧਰ 'ਤੇ ਕਾਰਜਸ਼ੀਲ ਅਤੇ ਸੁਚੇਤ ਹੋਣ ਦੀ ਲੋੜ ਹੈ ਤਾਂ ਕਿ ਅਸੀਂ ਆਪਣੀਆਂ ਆਉਂਦੀਆਂ ਪੀੜ੍ਹੀਆਂ ਨੂੰ ਅਤੇ ਮੌਜੂਦਾ ਨਸਲਾਂ ਨੂੰ ਕਿਸੇ ਵੱਡੇ ਸੰਕਟ ਤੋਂ ਬਚਾ ਸਕੀਏ। ਜੇਕਰ ਅਸੀਂ ਨਾ ਸੰਭਲੇ ਤਾਂ ਫਿਰ ਬਹੁਤ ਦੇਰ ਹੋ ਜਾਵੇਗੀ ।

# ਦੁਨੀਆਂ ਵਿੱਚ ਵੱਧ ਰਿਹਾ ਗਰੀਬੀ ਦਾ ਸੰਕਟ

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਅੰਤੋਨਿਓ ਗੁਤਾਰੇਸ ਦੇ ਇਹ ਸ਼ੰਕੇ ਕਿ ਦੁਨੀਆਂ ਵਿੱਚ ਕੋਰੋਨਾ ਮਹਾਂਮਾਰੀ ਦੀ ਮਾਰ ਕਾਰਨ 5 ਕਰੋੜ ਲੋਕ ਹੋਰ ਬੇਹੱਦ ਗਰੀਬੀ ਵਿੱਚ ਚਲੇ ਜਾਣਗੇ, ਇਕ ਵੱਡੇ ਖਤਰੇ ਵੱਲ ਇਸ਼ਾਰਾ ਕਰ ਰਹੇ ਹਨ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੋਰੋਨਾ ਮਹਾਂਮਾਰੀ ਨੇ ਦੁਨੀਆਂ ਦੇ ਸਾਰੇ ਅਮੀਰ ਅਤੇ ਗਰੀਬ ਦੇਸ਼ਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ । ਇਸ ਨਤੀਜਾ ਬੇਰੁਜ਼ਗਾਰੀ, ਗਰੀਬੀ ਅਤੇ ਭੁੱਖਮਰੀ ਜਿਹੀਆਂ ਗੰਭੀਰ ਸਮੱਸਿਆਵਾਂ ਦੇ ਰੂਪ ਵਿੱਚ ਸਾਹਮਣੇ ਆਉਣ ਲੱਗਾ ਹੈ । ਅਮਰੀਕਾ, ਇਟਲੀ, ਫਰਾਂਸ, ਬ੍ਰਿਟੇਨ, ਜਰਮਨੀ ਜਿਹੇ ਸੰਪੰਨ ਰਾਸ਼ਟਰਾਂ ਤੱਕ ਨੂੰ ਸਮਝ ਨਹੀਂ ਆ ਰਹੀ ਕਿ ਆਖਿਰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕੀਤਾ ਕਿਵੇਂ ਜਾਵੇ, ਕਿਹੋ ਜਿਹੀਆਂ ਆਰਥਿਕ ਨੀਤੀਆਂ ਅਪਣਾਈਆਂ ਜਾਣ ਜੋ ਦੇਸ਼ ਅਤੇ ਆਬਾਦੀ ਨੂੰ ਗਰੀਬੀ ਵੱਲ ਧੱਕੇ ਜਾਣ ਤੋਂ ਰੋਕ ਸਕਣ । ਪਿਛਲੇ ਤਿੰਨ ਮਹੀਨਿਆਂ ਵਿੱਚ ਇਨ੍ਹਾਂ ਦੇਸ਼ਾਂ ਵਿੱਚ ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ । ਜ਼ਿਆਦਾਤਰ ਦੇਸ਼ੀ-ਵਿਦੇਸ਼ੀ ਕੰਪਨੀਆਂ ਲੜਖੜਾ ਗਈਆਂ ਹਨ । ਦੂਜੇ ਪਾਸੇ ਜਿਨ੍ਹਾਂ ਦੇਸ਼ਾਂ ਦੀਆਂ ਅਰਥ ਵਿਵਸਥਾਵਾਂ ਪਹਿਲਾਂ ਤੋਂ ਹੀ ਖਸਤਾਹਾਲ ਸਨ, ਉਥੇ ਸੰਕਟ ਹੋਰ ਜ਼ਿਆਦਾ ਗੰਭੀਰ ਹੈ। ਅਜਿਹੇ ਵਿੱਚ ਹੁਣ ਅਰਥ ਵਿਵਸਥਾਵਾਂ ਡੁੱਬੀਆਂ ਪਈਆਂ ਹਨ, ਲੋਕਾਂ ਕੋਲ ਕੰਮ-ਧੰਦਾ ਨਹੀਂ ਹੈ, ਖਾਣ ਦੇ ਲਾਲੇ ਪੈ ਰਹੇ ਹਨ ਤਾਂ ਗਰੀਬ ਨੂੰ ਹੋਰ ਗਰੀਬ ਹੋਣ ਬਚਾ ਸਕਣਾ ਸਰਕਾਰਾਂ ਦੇ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਚੁਣੌਤੀ ਹੈ । ਸਭ ਤੋਂ ਵੱਡਾ ਖਤਰਾ ਤਾਂ ਇਹ ਹੈ ਕਿ ਗਰੀਬੀ ਵਧਣ ਦੇ ਕਾਰਨ ਕਈ ਦੇਸ਼ਾਂ ਨੂੰ ਭੁੱਖਮਰੀ ਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ । ਲੱਖਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਣਗੇ ਅਤੇ ਘੱਟ ਉਮਰ ਵਿੱਚ ਹੀ ਅਜਿਹੀਆਂ ਬਿਮਾਰੀਆਂ ਵਿੱਚ ਘਿਰ ਜਾਣਗੇ ਜਿਨ੍ਹਾਂ ਦਾ ਉਨ੍ਹਾਂ ਦੇ ਵਿਕਾਸ ਅਤੇ ਭਵਿੱਖ ਉਤੇ ਬੁਰਾ ਅਸਰ ਪਵੇਗਾ । ਦੁਨੀਆਂ ਵਿੱਚ ਭੁੱਖਮਰੀ ਦੇ ਆਂਕੜੇ ਚਿੰਤਾਜਨਕ ਹਨ । ਹਾਲੇ ਵੀ 82 ਕਰੋੜ ਭੁੱਖਮਰੀ ਦਾ ਸ਼ਿਕਾਰ ਹਨ ਅਤੇ ਪੰਜ ਸਾਲ ਤੋਂ ਘਟ ਉਮਰ ਦੇ 14 ਕਰੋੜ ਬੱਚੇ ਅਜਿਹੇ ਹਨ ਜੋ ਕੁਪੋਸ਼ਣ ਦੇ ਕਾਰਨ ਸਰੀਰਕ ਵਿਕਾਸ ਸਬੰਧੀ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹਨ । ਅਜਿਹੇ ਵਿੱਚ ਸਰਕਾਰਾਂ ਦੇ ਸਾਹਮਣੇ ਵੱਡਾ ਸੰਕਟ ਮਹਾਂਮਾਰੀ ਦੇ ਨਾਲ-ਨਾਲ ਭੁੱਖਮਰੀ ਜਿਹੀ ਸਮੱਸਿਆ ਨਾਲ ਨਿਪਟਣ ਦਾ ਵੀ ਹੈ । ਕੌਮਾਂਤਰੀ ਖਾਧ ਸੁਰੱਖਿਆ ਪ੍ਰੋਗਰਾਮ ਚਲਾਉਣ ਵਾਲਾ ਵਿਸ਼ਵ ਖਾਧ ਸੰਗਠਨ ਪਹਿਲਾਂ ਹੀ ਇਹ ਕਹਿ ਚੁੱਕਾ ਹੈ ਕਿ ਉਸ ਨੂੰ ਧਨ ਮੁਹਈਆ ਕਰਾਉਣ ਵਾਲੇ ਸਾਰੇ ਅਮੀਰ ਦੇਸ਼ ਅਮਰੀਕਾ, ਜਰਮਨੀ, ਇਟਲੀ, ਫਰਾਂਸ ਆਦਿ ਖੁਦ ਹੀ ਕੋਵਿਡ-19 ਨਾਲ ਜੂਝ ਰਹੇ ਹਨ ਅਤੇ ਇਨ੍ਹਾਂ ਦੇਸ਼ਾਂ ਦੀ ਹਾਲਤ ਇੰਨੀ ਖਰਾਬ ਹੋ ਚੁੱਕੀ ਹੈ ਕਿ ਇਨ੍ਹਾਂ ਨੂੰ ਆਪਣਾ ਦੇਸ਼ ਚਲਾ ਸਕਣਾ ਵੀ ਭਾਰੀ ਪੈ ਰਿਹਾ ਹੈ । ਅਜਿਹੇ ਵਿੱਚ ਇਹ ਦੇਸ਼ ਕੌਮਾਂਤਰੀ ਸੰਗਠਨਾਂ ਨੂੰ ਮਦਦ ਦੇਣ ਜਾਂ ਆਪਣੇ ਆਪ ਨੂੰ ਸੰਭਾਲਣ । ਜੇਕਰ ਵਿਕਸਤ ਦੇਸ਼ਾਂ ਤੋਂ ਮਦਦ ਨਹੀਂ ਮਿਲੀ ਤਾਂ ਵਿਸ਼ਵ ਖਾਧ ਸੰਗਠਨ ਕਿਵੇਂ ਗਰੀਬਾਂ ਤੱਕ ਖਾਣਾ ਪਹੁੰਚਾ ਸਕੇਗਾ, ਇਹ ਵੱਡਾ ਸਵਾਲ ਹੈ । ਭਾਰਤ ਦੇ ਸੰਦਰਭ ਵਿੱਚ ਦੇਖੀਏ ਤਾਂ ਗਰੀਬਾਂ ਦੀ ਗਿਣਤੀ ਵਧਣ ਦਾ ਇਹ ਸੰਕਟ ਕਿਧਰੇ ਜ਼ਿਆਦਾ ਵੱਡਾ ਹੈ । ਪਿਛਲੇ ਢਾਈ ਮਹੀਨਿਆਂ ਵਿੱਚ ਲਾਕਡਾਊਨ ਦੇ ਕਾਰਨ ਜਿਸ ਤਰ੍ਹਾਂ ਕਰੋੜਾਂ ਲੋਕਾਂ ਦਾ ਰੁਜ਼ਗਾਰ ਚੱਲਿਆ ਗਿਆ, ਉਹ ਘੱਟ ਵੱਡਾ ਸੰਕਟ ਨਹੀਂ ਹੈ ।




Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 323
Website: www.preetnama.com Email preetnamausa@gmail.com
03 OCT TO 09 OCT, 2025

# विवेकानंद-एक बहु आयामी ब्यक्तित्व



भारत का सांस्कृति राजनैतिक इतिहास इस बात का साक्षी है कि भारतीय मनीषियों ने हमेशा राष्ट्रीय एकता का लक्ष्य रखा उसके लिए प्रयत्न भी किया जो सम्पूर्ण मानव समाज व प्राणी मात्र उत्थान के लिए थी।बहुत सारी विविधताएं होते हुए भी एक सामंजस्य था। वसुधैव कुटुम्बकम का लक्ष्य था। इन मनीषियों में सर्वाधिक तेजस्वी परिव्राजक तूफानी साधु परम् विवेकी स्वामी विवेकानंद ने भारत को सम्पूर्ण जगत का एक जीवन्त हिस्सा समझ और राष्ट्र के साथ साथ सम्पूर्ण संसार को एकता के सूत्र में पिरोने के लिए अपना योगदान दिया । इस सम्बंध में स्वामी जी ने केवल देश विदेश भ्रमण करके केवल वक्तब्य ही नही दिए या कागज के पन्नों पर अपने विचार ही नही उतारे वरन उन वक्तब्यो को कार्य रूप दिया । स्वामी जी का लक्ष्य था कि वे इन गतिविधियों को क्रियान्वित करके इनको मूर्त रूप दें।उनके तीन प्रमुख लक्ष्य थे।

०१व्यक्ति की सम्पूर्ण शक्तियों का समन्वय तथा विकास



०२ समस्त विशेषाधिकारों को समाप्त कर धार्मिक सांस्कृतिक व सामाजिक विषमताओं को दूर करना ताकि आपस में भाईचारा हो सभी मिलकर राष्ट का विकास करें

०३ सम्पूर्ण मानव जाति को एकता के सूत्र में बांधना जो मनुष्य में विद्यमान दिव्यत्व आत्मा के अस्तित्व के प्रति मनुष्य को जागृत कर सके।

स्वामी विवेकानंद जी का मत था कि संसार के समस्त स्त्री पुरुषों का निर्माण तथा विकास ठीक से हुआ तो समाज स्वतः ही सुचारू रूप से संचालित होगा। स्वामी जी कहते थे कि राष्ट्रों की पहचान राष्टीयता की पहचान से कहीं अधिक महत्वपूर्ण है।मनुष्य को इस वास्तविकता से परिचित होना कि सभी एक ही ईश्वर के सेवक हैं।इसके लिए त्याग और बलिदान की आवश्यकता है।साथ ही समभाव से प्रेम और दया की ।मनुष्य के देवत्व व दिव्यत्व से आत्मसात कराना ही स्वामी जी का मुख्य उद्देश्य था।ताकि ब्यक्ति एक सम्पूर्ण मानव बनकर राष्ट्र के विकास में अपना योगदान दे सके । अपने शिकागों के वक्तव्य में स्वामी जी ने कहा था कि विश्वधर्म संसद में यह बात सिद्ध हो चुकी थी कि पवित्रता और दया किसी एक धर्म का अधिकार नही है। समस्त धर्म शांति समन्वय व रचनात्मकता सिखाते हैं। सदियों से भारत की संस्कृति विविध तत्वों से निर्मित व विकसित हुई है। विश्व मे एकीकृत समन्वय से भरपूर संस्कृति के उदय में भारत दिग्दर्शक बना है।भारत की विविधता उसे लघु विश्व को स्वरूप प्रदान करती है।अगर कोई धर्म गुरु केवल अपने ही धर्म की प्रशंसा करता है तो यह स्वंय के धर्म की प्रमाणिकता में भी बाधक ही है। जिस विश्व बंधुत्व के साथ विश्वधर्म की कल्पना प्रत्येक देश के दार्शनिकों ने की थी वह आज भी अस्तित्व में है। विश्व की एकता और समन्वय को लेकर स्वामी जी की राष्ट्रीय एकता सीमित नहीं थी उसमें विज्ञान तथा अध्यात्म पूर्व व पश्चिम के आदर्शों व उपलब्धियों का सामजंस्य निहित था।

**एडवोकेट बाबू सिंह**
**उन्नाव उत्तर प्रदेश**

# अंतरिक्ष में भी प्रदूषण की भरमार, इसका जिम्मेवार कौन

**निर्मल कुमार शर्मा**

Through this balance and wisdom, the Navratri festival not only becomes religiously fulfilling but also serves as an inspiring example for our society and animal welfare. In this way, we can adhere to religious faith and cultural tradition while fulfilling our responsibility to our four-legged friends.

# ਬਹਾਰ ਨਾਲੋਂ ਵੀ ਖ਼ੂਬਸੂਰਤ ਏ ਕਨੇਡਾ ਵਿਚ ਪਤਝੜ ਦਾ ਮੌਸਮ



ਬਹਾਰ ਨਾਲੋਂ ਵੀ ਪਰਪੱਕ ਖ਼ੂਬਸੂਰਤ ਹੈ ਕਨੇਡਾ ਵਿਚ ਪਤਝੜ ਦਾ ਰੁਮਾਂਚਿਕ ਮੌਸਮ। ਪਿਛਲੇ ਦਿਨੀਂ ਐਡਮਿੰਟਨ ਤੋਂ ਕਈ-ਕਈ ਸੌ ਮੀਲ ਦੂਰ ਘੁੰਮਣ ਫਿਰਨ ਦਾ ਮੌਕਾ ਮਿਲਿਆ। ਇੱਥੇ ਪਤਝੜ ਸਿਤੰਬਰ ਮਹੀਨੇ ਦੇ ਦੂਸਰੇ ਹਫਤੇ ਤੋਂ ਵੱਖ-ਵੱਖ ਰੰਗਾਂ ਦੀ ਸਿਰਜਨਾਤਮਿਕ ਵਿਖਾਇਆ ਦਾ ਢੋਲ ਵਜਾਅ ਦਿੰਦੀ ਹੈ।

ਕਨੇਡਾ ਦੇ ਲੈਂਡ ਸਕੇਪਿੰਗ ਦੇ ਮਾਹਿਰ ਵਿਗਿਆਨੀਆਂ ਨੇ ਕਈ ਪ੍ਰਕਾਰ ਦੀਆਂ ਜਾਤੀਆਂ, ਸਵਰੂਪਾਂ, ਅਕਾਰਾਂ, ਪ੍ਰਕਾਰਾਂ ਦੇ ਰੁੱਖਾਂ ਨੂੰ ਇਸ ਵਿਉਂਤਬੰਦੀ ਨਾਲ ਸੜਕਾਂ, ਝੀਲਾਂ, ਨਹਿਰਾਂ, ਚੌਂਕਾਂ, ਜੰਗਲਾਂ ਦੁਆਲੇ, ਪਰਬਤਾਂ ਵਿਚ ਲਗਾਇਆ ਹੈ ਕਿ ਰੁੱਖਾਂ ਦੀ ਤਰਤੀਬ, ਤਾਮੀਰ, ਤਾਸੀਰ, ਦਿਸ਼ਾ, ਉਚੀ-ਨੀਵੀਂ ਤਕਸੀਮ ਸ਼ੈਲੀ ਨੂੰ ਇਸ ਖ਼ੂਬਸੂਰਤ ਪ੍ਰਯੋਗਮਈ ਖੋਜਮਈ ਢੰਗ ਨਾਲ ਸ਼ਿਲਪਗਤ ਕੀਤਾ ਹੈ ਕਿ ਅੱਖਾਂ ਜਦ ਇਨ੍ਹਾਂ ਸੁੰਦਰ ਰੰਗ-ਬਿਰੰਗੇ ਰੱਖਾਂ ਨੂੰ ਅਪਣਾਉਂਦੀਆਂ ਹੋਈਆਂ, ਦਿਲ, ਦਿਮਾਗ, ਰੂਹ ਵਿਚ ਪ੍ਰਵੇਸ਼ ਕਰਦੀਆਂ ਹਨ ਤਾਂ ਰੰਗਾਂ ਦੀ ਨਵੀਨ ਵਿਰਾਸਤ, ਰੰਗਾਂ ਦਾ ਸਭਿਆਚਾਰ ਸ਼ੋਖੀਆ ਵਿਚ ਤਬਦੀਲ ਹੋ ਕੇ ਸਵਰਣਯੁਗ ਵਿਚ ਆ ਜਾਂਦਾ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਵਿੰਦਰ 'ਬਾਲਮ' ਗੁਰਦਾਸਪੁਰ
ਮੋ. 98156-25409
ਐਡਮਿੰਟਨ, ਕਨੇਡਾ : 780-807-6007

ਐਡਮਿੰਟਨ ਤੋਂ ਲੈ ਕੇ ਵੈਨਕੂਵਰ ਤੱਕ ਬਾਈ ਰੋਡ ਜਾਂਦਿਆਂ ਰੁੱਖਾਂ 'ਤੇ ਰੰਗੀਲੀ, ਫਬੀਲੀ, ਨਸ਼ੀਲੀ ਅਹਿਮੀਅਤ ਵੇਖ ਕੇ ਰੂਹ ਆਨੰਦਿਤ ਹੋ ਜਾਂਦੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਨੇ ਸਾਰੀ ਸੁੰਦਰਤਾ ਪਤਝੜ ਵਿਚ ਵਿਭਾਜਨ ਕਰ ਦਿੱਤੀ ਹੋਵੇ। ਜਿਸ ਤਰ੍ਹਾਂ ਕੁਦਰਤੀ ਮੁਸਵਿੱਰ ਨੇ ਅਮੂਰਤ ਬਿੰਬਾਂ ਦਾ ਵਿਆਪਕ ਯਥਾਰਥ ਚਿੱਤਰਣ ਕੀਤਾ ਹੋਵੇ।

ਜਿੱਥੇ ਬਹਾਰਾਂ ਦੇ ਮੌਸਮ ਵਿਚ ਵੱਖ-ਵੱਖ ਦਿਲਕਸ਼-ਦਿਮਾਗਕਸ਼ ਖ਼ੁਸ਼ਬੂਆਂ ਦਾ ਸੰਤੋਸ਼ਜਨਕ ਆਨੰਦ ਉਥੇ ਪਤਝੜ ਵਿਚ ਬਹਾਰਾਂ ਨਾਲੋਂ ਕਿਤੇ ਜ਼ਿਆਦਾ ਰੰਗਾਂ ਦੀ ਸੁੰਦਰ ਨਿਰਾਲੇਪਨ ਵਿਚ ਇਕ ਫਿੱਕੀ-ਫਿੱਕੀ ਅਜੀਬ ਜਿਹੀ ਬੀਅਰ ਦੇ ਸਵਾਦ ਵਰਗੀ ਸੁਗੰਧ ਫੈਲਦੀ ਹੋਈ ਸਾਰੇ ਜਿਸਮ ਵਿਚ ਇਕ ਸਕੂਨ ਉਤਪੰਨ ਕਰ ਦਿੰਦੀ ਹੈ।

ਤੜਕ ਸਵੇਰ ਦੀ ਪਤਝੜ ਦਾ ਮੌਸਮ ਠੰਢਾ ਅਲਬੇਲਾ, ਮਰਮਸਪਰਸ਼ੀ ਅਨੁਭਵ ਨੂੰ ਮੰਥਨ ਕਰਕੇ ਕੋਈ ਹਿਲੋਰਾ ਆਤਮਸਾਤ ਕਰਦਾ ਹੈ।

ਜਦ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੇ ਪੱਤਿਆਂ ਉਪਰ ਸੂਰਜ ਦੀਆਂ ਉਜਵਲ ਕੋਸੀਆਂ-ਕੋਸੀਆਂ ਕਿਰਨਾਂ ਆਪਣੇ ਗੁਨਗਨੇ ਚੁੰਮਣ ਧਰਦੀਆਂ ਹਨ ਤਾਂ ਰੰਗੀਨ ਪੱਤਿਆਂ ਉਪਰ ਪਈਆਂ ਸ਼ਬਨਮ ਦੀਆਂ ਬੂੰਦਾਂ ਆਲਿੰਗਨਤਾ ਵਿਚ ਓਤ-ਪੋਤ ਹੋ ਕੇ ਮੌਸਮ ਤੋਂ ਸਭ ਕੁਝ ਨੌਛਾਵਰ ਕਰ ਦਿੰਦੀਆਂ ਹਨ। ਕੂਲੇਪਣ ਦਾ ਅਹਿਸਾਸ ਅੰਗੜਾਈ ਲੈ ਕੇ ਕੁਦਰਤ ਦੇ ਅਨੋਖੇ ਸਿਰਜਨ ਦੀ ਤਪਸਿਆ ਵਿਚ ਮਗਨ ਹੋ ਜਾਂਦਾ ਹੈ।

ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ਼ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦਵਿਭੋਰ ਹੋ-ਹੋ ਜਾਂਦੇ ਹਨ। ਸੁੰਦਰ ਦਿ ?ਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੁਰਤੀ ਨਾਲ ਨਿਹਾਲ ਕਰ ਦਿੰਦਾ ਹੈ।

ਸੁੰਦਰ ਮੌਸਮ ਵਰਗੇ ਸੁੰਦਰ ਲੋਕ ਹਨ ਏਧਰ। ਰੱਖਾਂ ਦੇ ਸੁਭਾਅ ਵਰਗੇ, ਰੰਗ-ਢੰਗ ਵਰਗੇ।

ਦੁਪਹਿਰ ਨੂੰ ਰੰਗ-ਬਿਰੰਗੇ ਰੁੱਖਾਂ ਉਪਰ ਚਮਕਦਾਰ ਰੰਗੀਨੀ ਆਪਣੇ ਪਹਿਲੇ ਅਹਿਸਾਸ ਦੇ ਸੁਖਦ ਪਲਾਂ ਦੀ ਮਹਿਸੂਸਨ ਹਿਰਦੇ ਵਿਚ ਛੱਡਦੀ ਹੈ। ਦੁਪਹਿਰ ਵੇਲੇ ਗਿਰਗਿਟ ਵਾਂਗੂ ਰੰਗ ਬਦਲਦੇ ਪੱਤੇ ਇਵੇਂ ਪ੍ਰਤੀਤ ਹੁੰਦੇ ਜਿਵੇਂ ਰੰਗ-ਬਿਰੰਗੇ ਦੀਵੇ ਝਿਲਮਿਲਾ ਰਹੇ ਹੋਣ।

ਸ਼ਾਮ ਦਾ ਮੌਸਮ ਪਤਝੜ ਨੂੰ ਖਾਮੋਸ਼ ਲਹਿਰੀਏ ਦੇ ਨਿਰਾਲੇਪਣ ਵਿਚ ਠੰਢੀਆਂ ਠਾਰ ਹਵਾਵਾਂ ਨਾਲ ਹੋਰ ਝੂਮਦੇ ਪਲਾਂ ਦਾ ਅਹਿਸਾਸ ਕਰਵਾ ਕੇ ਆਪਣੀ ਸਾਰੇ ਬੀਤੇ ਜੀਵਨ ਦੀ ਵਰਤਮਾਨ ਆਤਮਕਥਾ ਰੰਗਾਂ ਦੀ ਛਹਿਬਰ ਵਿਚ ਪਿਰੋ ਦਿੰਦਾ ਹੈ। ਸ਼ਾਮ ਦਾ ਡੁੱਬ ਰਿਹਾ ਸੂਰਜ ਜਦ ਰੰਗ-ਬਿਰੰਗੇ ਰੁੱਖਾਂ ਵਿਚ ਮੱਧਮ-ਮੰਥਨ ਲੋਅ ਵਿਚ ਪਰਿਪੂਰਨ ਹੋ ਕੇ ਰੁੱਖਾਂ ਦੀਆਂ ਰੰਗੀਨ ਟਹਿਣੀਆਂ ਵਿਚਕਾਰ ਫਸ ਜਾਂਦਾ ਹੈ ਤਾਂ ਆਲੌਕਿਕਤਾ ਦੀ ਪ੍ਰਭੂਸੱਤਾ ਨਾਲ ਧਰਦੀ ਦੀ ਗੋਦੀ ਵਿਚ ਵਿਆਪਕ ਸੁੰਦਰਤਾ ਮਾਨਵਤਾ-ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ।

ਕੁਦਰਤ ਜੀਵਨ ਦਾ ਨਾਮ ਹੈ ਅਤੇ ਖ਼ੁਸ਼ਬੂ ਉਸ ਦੀ ਮਿਠਾਸ, ਇਕ ਜੀਵਨ ਨੂੰ ਸੁਰਖਿਅਤ ਰੱਖਦਾ ਹੈ ਤੇ ਦੂਸਰਾ ਉਸ ਨੂੰ ਮਧੁਰ ਬਣਾਉਂਦਾ ਹੈ।

ਚਾਂਦਨੀ ਰਾਤ ਵਿਚ ਰੰਗ-ਬਿਰੰਗੇ ਲਹਿ-ਲਹਿਰਾਂਦੇ ਰੁੱਖਾਂ ਦੇ ਪੱਤੇ ਚਾਂਦਨੀ ਨੂੰ ਅਪਣਾਉਂਦੇ ਹੋਏ ਗਠੀਲਾ ਆਕਰਸ਼ਣ ਅਤੇ ਸੁਗਬੁਗਾਹਟ ਦਾ ਗੁਨਗੁਨਾ ਜਿਹਾ ਸਵਾਦ, ਸੰਤੋਸ਼ ਤੇ ਸੁੱਖ ਦੇ ਸੰਸਕਾਰ ਨਿਰਮਾਣ ਕਰਦਾ ਹੈ।



ਕੁਦਰਤ ਦੇ ਰੰਗ ਹੀ ਧਰਮ ਭੂਮੀ, ਕਰਮ ਭੂਮੀ, ਪੁੰਨ ਭੂਮੀ ਨੂੰ ਸਵਰਗ ਦਾ ਰੂਪ ਦੇ ਕੇ ਸੁੰਦਰਤਾ ਨੂੰ ਮਨੁੱਖ ਲਈ ਮਖਮੂਰ ਕਿਰਿਆਵਾਂ ਦੀ ਲੱਜ਼ਤ ਦਿੰਦੀ ਹੈ।

ਪਤਝੜ ਦੇ ਰੁੱਖ ਬਰਫ ਦੇ ਤੋਂਦਿਆਂ ਦੀ ਭਰਮਾਰ ਨਾਲ ਲੱਧੇ ਜਾਂਦੇਹਨ। ਸਫ਼ੇਦ ਰੰਗ ਦੀ ਬਰਫ਼ੀਲੀ ਚਾਦਰ ਆਪਣੇ ਆਸ਼ੀਰਵਾਦ ਨਾਲ ਇਕ ਬੇਇੰਤਹਾ ਨਜ਼ਾਰਾ ਦੇ ਕੇ ਭਵਿੱਖ ਦੀ ਮੁੱਖ ਕ੍ਰਿਤੀ ਤੋਂ ਵਾਕਿਫ਼ ਕਰਵਾ ਦਿੰਦੀ ਹੈ। ਇਹ ਮੌਸਮ ਮੁਸ਼ਕਿਲਾਂ ਅਤੇ ਪਰਵਾਹ ਦਾ ਮੌਸਮ ਹੁੰਦਾ ਹੈ।

ਝੀਲਾਂ ਦੁਆਲੇ ਰੰਗ-ਬਿਰੰਗੇ ਰੁੱਖਾਂ ਦੇ ਝੁਰਮਟ ਪਾਣੀਆਂ ਦੀ ਹਿੱਕ ਉਪਰ ਪਰਛਾਇਆ ਦੀ ਲੈਆਤਮਿਕ ਕ੍ਰਿਤੀ ਬਣਾ ਕੇ ਪਾਣੀ 'ਤੇ ਨੰਗੀ ਚਿੱਤਰਕਾਰੀ ਉਕੇਰ ਦਿੰਦੇ ਹਨ।

ਪਹਾੜਾਂ ਉਪਰ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੀਆਂ ਪਰਜਾਤੀਆਂ ਤੋਂ ਇਲਾਵਾ ਇਕ ਹੀ ਸ਼੍ਰੇਣੀ ਦੇ ਅਨੇਕਾਂ ਰੁੱਖਾਂ ਨੂੰ ਆਇਤਕਾਰ, ਗੋਲਾਕਾਰ, ਚੌਰਸ, ਚੌਪਟ ਆਦਿ ਰੂਪਾਂ ਵਿਚ ਅਲੰਕਾਰਿਤ ਕੀਤਾ ਹੋਇਆ ਹੈ। ਦੂਰ ਤੋਂ ਪਤਝੜ ਦੇ ਰੰਗਾਂ ਦੀ ਖਾਮੋਸ਼ੀ ਇਕ ਸਿਮਰਤੀ ਦਾ ਜਨਮ ਉਤਪਨ ਕਰਕੇ ਦਿਮਾਗ਼ ਵਿਚ ਸਦੀਵੀ ਸੁੰਦਰ ਚਿਤਰਨ ਉਕੇਰ ਦਿੰਦੀ ਹੈ ਜੋ ਸਾਲਾਂ ਤੱਕ ਮਸਤਕ ਵਿਚ ਜੀਵੰਤ ਰਹਿੰਦੀ ਹੈ।

ਕਨੇਡਾ ਵਿਚ ਰੁੱਖਾਂ ਦੀ ਮਨੁੱਖ ਨਾਲੋਂ ਵੀ ਜ਼ਿਆਦਾ ਸਮਰਥਵਾਨ ਕਦਰਾਂ ਕੀਮਤਾਂ ਹਨ। ਕਨੇਡਾ ਦਾ ਰਾਸ਼ਟਰੀਏ ਝੰਡਾ ਇਸ ਗੱਲ ਦੀ ਸਹਿਮਤੀ ਭਰਦਾ ਹੈ। ਕਨੇਡਾ ਦੇ ਝੰਡੇ ਵਿਚ ਗਿਆਰਾਂ ਨੁਕਰੀ ਲਾਲ ਰੰਗ ਦਾ ਪੱਤਾ ਹੈ। ਦੋਵੇਂ ਪਾਸੇ ਲਾਲ ਰੰਗ ਵਿਚਕਾਰ ਚਿੱਟੇ ਰੰਗ ਉਪਰ ਲਾਲ ਰੰਗ ਦਾ ਪੱਤਾ ਹੈ ਜਿਸ ਦਾ ਮਤਲਬ ਕਿ ਸਾਰੀ ਦੁਨੀਆਂ, ਕਾਇਨਾਤ ਦੇ ਪ੍ਰਾਣੀਆਂ ਦੇ ਲਹੂ ਦਾ ਰੰਗ ਲਾਲ ਹੁੰਦਾ ਹੈ। ਸਾਂਝੀਵਾਲਤਾ ਦਾ ਸੰਦੇਸ਼। ਲਾਲ ਰੰਗ ਗੌਰਵ ਸ਼ਕਤੀ ਦਾ ਪ੍ਰਤੀਕ। ਖ਼ੂਨ ਦਾ ਰੰਗ ਲਾਲ, ਟਮਾਟਰ ਦਾ ਰੰਗ ਲਾਲ ਜੋ ਸੂਖਮ ਹੈ। ਫਾਇਰ ਇੰਜ਼ਨ ਦਾ ਰੰਗ ਲਾਲ, ਤਰੱਕੀ ਪਸੰਦ ਪ੍ਰਤੀਕ ਹੈ ਇਹ ਪਤਝੜ ਦਾ ਪੱਤਾ।





# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323 | Website: www.preetnama.com Email preetnamausa@gmail.com | 03 OCT TO 09 OCT, 2025






# ਗਾਜ਼ਾ ਵਿੱਚ ਨੇਤਨਯਾਹੂ ਦੇ ਨਸਲਕੁਸ਼ੀ ਦੇ ਸਮਰਥਨ ਕਾਰਨ ਟਰੰਪ ਦੀਆਂ ਨੋਬਲ ਸ਼ਾਂਤੀ ਪੁਰਸਕਾਰ ਦੀਆਂ ਇੱਛਾਵਾਂ ਚਕਨਾਚੂਰ ਹੋ ਗਈਆਂ ਹਨ

ਸੰਯੁਕਤ ਰਾਸ਼ਟਰ (ਯੂ ਐਨ ਓ) ਨੇ ਕਿਹਾ ਹੈ ਕਿ ਇਜ਼ਰਾਈਲ ਗਾਜ਼ਾ ਵਿੱਚ ਨਸਲਕੁਸ਼ੀ ਕਰ ਰਿਹਾ ਹੈ। 7 ਅਕਤੂਬਰ 2023 ਤੋਂ, ਇਜ਼ਰਾਈਲ ਇੱਕ ਬੇਸਹਾਰਾ ਗਾਜ਼ਾ ’ਤੇ ਬੰਬਾਰੀ ਕਰ ਰਿਹਾ ਹੈ, ਹਜ਼ਾਰਾਂ ਨਾਗਰਿਕਾਂ ਨੂੰ ਮਾਰ ਰਿਹਾ ਹੈ, ਪੂਰੇ ਮੁਹੱਲਿਆਂ ਨੂੰ ਮਲਬੇ ਵਿੱਚ ਬਦਲ ਰਿਹਾ ਹੈ, ਆਬਾਦੀ ਨੂੰ ਜ਼ਬਰਦਸਤੀ ਉਜਾੜ ਰਿਹਾ ਹੈ, ਭੋਜਨ ਸਹਾਇਤਾ ਕਤਾਰਾਂ ਵਿੱਚ ਬੇਸਹਾਰਾ ਨਾਗਰਿਕਾਂ ਨੂੰ ਗੋਲੀ ਮਾਰ ਰਿਹਾ ਹੈ, ਅਤੇ ਪੱਤਰਕਾਰਾਂ ਅਤੇ ਸਹਾਇਤਾ ਕਰਮਚਾਰੀਆਂ ਨੂੰ ਨਸ਼ਟ ਕੀਤੇ ਜਾ ਰਹੇ ਇਲਾਕਿਆਂ ਵਿੱਚ ਜਾਣ ਤੋਂ ਇਨਕਾਰ ਕਰ ਰਿਹਾ ਹੈ। ਗਾਜ਼ਾ ’ਤੇ ਇਜ਼ਰਾਈਲ ਦੀ ਸਹਾਇਤਾ ਨਾਕਾਬੰਦੀ ਨੇ ਅਕਾਲ ਦਾ ਕਾਰਨ ਬਣਾਇਆ ਹੋਇਆ ਹੈ ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਜਾ ਹਨ।

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਪੂਰੀ ਤਰ੍ਹਾਂ ਦੱਬੇ ਹੋਏ ਹਮਾਸ ਨਾਲ ਜੰਗ ਦੇ ਬਹਾਨੇ ਗਾਜ਼ਾ ਦੀ ਆਪਣੀ ਤਬਾਹੀ ਨੂੰ ਜਾਰੀ ਰੱਖਣ ’ਤੇ ਜ਼ੋਰ ਦੇਣ ਦਾ ਅਸਲ ਕਾਰਨ ਇਹ ਹੈ ਕਿ ਇਹੀ ਇੱਕੋ ਇੱਕ ਚੀਜ਼ ਹੈ ਜੋ ਉਸਦੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਅੱਗੇ ਵਧਣ ਤੋਂ ਰੋਕ ਰਹੀ ਹੈ। ਈਰਾਨ ’ਤੇ ਬੰਬਾਰੀ ਕਰਕੇ ਸੰਘਰਸ਼ ਨੂੰ ਵਧਾਉਣ ਦੀ ਉਸਦੀ ਵਿਨਾਸ਼ਕਾਰੀ ਕੋਸ਼ਿਸ਼ ਤਬਾਹੀ ਵਿੱਚ ਬਦਲ ਚੁੱਕੀ ਹੈ।

ਇਸ ਜੰਗ ਨੂੰ ਰੋਕਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਆਪ ਨੂੰ ਸ਼ਾਂਤੀ ਰਾਸ਼ਟਰਪਤੀ ਵਜੋਂ ਪੇਸ਼ ਕੀਤਾ ਹੈ। ਉਸਦੇ ਮੁਤਾਬਿਕ, ਉਸਨੇ ਆਪਣੇ ਪਹਿਲੇ ਕਾਰਜਕਾਲ ਵਿੱਚ ਕੋਈ ਯੁੱਧ ਸ਼ੁਰੂ ਨਹੀਂ ਕੀਤਾ, ਅਤੇ ਬਾਹਰੀ ਸੰਘਰਸ਼ਾਂ ਵਿੱਚ ਅਮਰੀਕੀ ਸਾਹਸ ਨੂੰ ਸਮੇਟਣ ਲਈ ਸਰਗਰਮੀ ਨਾਲ ਅੱਗੇ ਵਧਿਆ।

ਉਸਦੇ ਦੂਜੇ ਕਾਰਜਕਾਲ ਵਿੱਚ ਇਹ ਸਭ ਕੁਝ ਸ਼ਾਨਦਾਰ ਢੰਗ ਨਾਲ ਢਹਿਢੇਰੀ ਹੋ ਗਿਆ ।ਉਸਦੀ ਅੱਡੀ ਇਜ਼ਰਾਈਲ ਅਤੇ ਇਸਦੇ ਕੱਟੜ ਜੰਗਬਾਜ਼ ਨੇਤਨਯਾਹੂ ਹਨ। ਜਿਵੇਂ ਕਿ ਇਜ਼ਰਾਈਲ ਗਾਜ਼ਾ ਨੂੰ ਤਬਾਹ ਕਰ ਰਿਹਾ ਹੈ, ਟਰੰਪ ਇੱਕ ਟੁੱਟੇ ਹੋਏ ਰਿਕਾਰਡ ਵਾਂਗ ਜਾਪਦਾ ਹੈ ਜੋ ਹਮਾਸ ਨੂੰ ÷ਬੰਧਕਾਂ ਨੂੰ ਰਿਹਾਅ ਕਰਨ÷ ਲਈ ਲਗਾਤਾਰ ਕਹਿ ਰਿਹਾ ਹੈ, ਫਿਰ ਵੀ ਉਹ ਨੇਤਨਯਾਹੂ ਦੀ ਆਲੋਚਨਾ ਨਹੀਂ ਕਰ ਸਕਿਆ ਕਿ ਉਹ ਅਮਰੀਕੀ ਸਹਿਯੋਗੀ ਕਤਰ ’ਤੇ ਬੰਬਾਰੀ ਕਰ ਰਿਹਾ ਹੈ ਜੋ ਹਮਾਸ ਗੱਲਬਾਤ ਕਰਨ ਵਾਲੇ ਵਫ਼ਦ ਨੂੰ ਨਿਸ਼ਾਨਾ ਬਣਾ ਰਿਹਾ ਹੈ ਜੋ ਅਮਰੀਕਾ-ਦਲਾਲਚੀ ਜੰਗਬੰਦੀ ਯੋਜਨਾ ’ਤੇ ਵਿਚਾਰ ਕਰਨ ਲਈ ਮਿਲ ਰਿਹਾ ਸੀ ਜਿਸ ਵਿੱਚ ਸਾਰੇ ਇਜ਼ਰਾਈਲੀ ਬੰਧਕਾਂ ਦੀ ਰਿਹਾਈ ਦੇਖਣਾ ਚਾਹੁੰਦੇ ਹਨ। ਜਦ ਕਿ ਨੇਤਨਯਾਹੂ ਸ਼ਾਂਤੀ ਦੀ ਇਜਾਜ਼ਤ ਨਹੀਂ ਦੇਵੇਗਾ, ਅਤੇ ਟਰੰਪ ਉਸਨੂੰ ਬਾਹਰ ਨਹੀਂ ਬੁਲਾਏਗਾ।

ਕੋਈ ਹੈਰਾਨੀ ਨਹੀਂ ਕਿ ਟਰੰਪ ਦੀਆਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਯੂਕਰੇਨ ਵਿੱਚ ਯੁੱਧ ਰੋਕਣ ਲਈ ਦਬਾਅ ਪਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਿਰਾਸ਼ਾਜਨਕ ਤੌਰ ’ਤੇ ਅਸਫਲ ਹੋ ਗਈਆਂ ਹਨ। ਪੁਤਿਨ ਦੇਖ ਸਕਦਾ ਹੈ ਕਿ ਇਹ ਸਭ ਪਖੰਡ ਅਤੇ ਦੋਹਰੇ ਮਾਪਦੰਡ ਹਨ। ਦਰਅਸਲ, ਪੁਤਿਨ ਹੋਰ ਵੀ ਹਮਲਾਵਰ ਹੋ ਗਿਆ ਹੈ, ਅਤੇ ਗਾਜ਼ਾ ਵਿੱਚ ਇਜ਼ਰਾਈਲ ਦੀ ਅਗਵਾਈ ਦੀ ਪਾਲਣਾ ਕਰ ਰਿਹਾ ਹੈ, ਯੂਕਰੇਨ ਨੂੰ ਬਰਬਾਦ ਕਰਨ ਲਈ ਹਰ ਕੋਸਿ ?ਸ ਕਰ ਰਿਹਾ ਹੈ। ਜਦ ਕਿ ਟਰੰਪ ਸਿਰਫ਼ ਤੇ ਸਿਰਫ਼ ਨੋਬਲ ਸ਼ਾਂਤੀ ਪੁਰਸਕਾਰ ਲਈ ਹਰ ਦੇਸ਼ ਦੀ ਛੋਟੀ ਤੋਂ ਵੱਡੀ ਲੜਾਈ ਨੂੰ ਰੋਕਣ ਦਾ ਸਿਹਰਾ ਆਪਣੇ ਸਿਰ ਬੰਨ ਰਹੇ ਹਨ ਤਾਂ ਜੋ ਇਹ ਸਨਮਾਨ ਉਹਨਾਂ ਨੂੰ ਮਿਲ ਸਕੇ। ਜਿਸ ਦੀ ਉਹ ਬਹੁਤ ਇੱਛਾ ਰੱਖਦਾ ਹੈ। ਉਸਨੂੰ ਨਾਮਜ਼ਦ ਕਰਨ ਵਾਲੇ ਨੇਤਾਵਾਂ ਵਿੱਚੋਂ ਇੱਕ ਸੀ ਬੈਂਜਾਮਿਨ ਨੇਤਨਯਾਹੂ ! ਜੋ ਬੋਲਾਪਣ ਦਿਮਾਗ ਨੂੰ ਹੈਰਾਨ ਕਰ ਰਿਹਾ ਹੈ। ਸਾਰੀ ਦੁਨੀਆ ਹੁਣ ਗਾਜ਼ਾ ਨਸਲਕੁਸ਼ੀ ਦੇ ਵਿਰੁੱਧ ਹਥਿਆਰਾਂ ਨਾਲ ਅੱਗੇ ਆ ਕੇ ਲੜਨ ਲਈ ਤਿਆਰ ਹੈ। ਯੂਰਪ, ਜਿਸਦੇ ਇਜ਼ਰਾਈਲ ਨਾਲ ਬਹੁਤ ਮਜ਼ਬੂਤ ਆਰਥਿਕ ਸਬੰਧ ਹਨ, ਹੁਣ ਨਿਸ਼ਾਨਾ ਵਪਾਰ ਅਤੇ ਹਥਿਆਰਾਂ ਦੀਆਂ ਪਾਬੰਦੀਆਂ ਲਗਾਉਣ ’ਤੇ ਬਹਿਸ ਕਰ ਰਿਹਾ ਹੈ। ਇਜ਼ਰਾਈਲ ਨੇ ਵਿਚਕਾਰਲੀ ਉਂਗਲੀ ਨਾਲ ਜਵਾਬ ਦਿੱਤਾ ਹੈ। ਆਖ਼ਰਕਾਰ, ਉਨ੍ਹਾਂ ਕੋਲ ਟਰੰਪ ਹੈ ੇਤਨਯਾਹੂ ਦੇ ਨਾਲ ਜਨਤਕ ਤੌਰ ’ਤੇ ਖੜ੍ਹਾ ਇੱਕੋ ਇੱਕ ਵਿਸ਼ਵ ਨੇਤਾ ਟਰੰਪ ਹੈ। ਬੰਬਾਰੀ ਅਤੇ ਭੁੱਖਮਰੀ ਨਾਲ ਜਿੰਨੀਆਂ ਜ਼ਿਆਦਾ ਮੌਤਾਂ, ਅਤੇ ਗਾਜ਼ਾ ਵਿੱਚ ਵੱਡੇ ਪੱਧਰ ’ਤੇ ਵਿਸਥਾਪਨ ਅਤੇ ਤਬਾਹੀ, ਟਰੰਪ ਦੇ ਨੋਬਲ ਸ਼ਾਂਤੀ ਪੁਰਸਕਾਰ ਦੇ ਦਾਅਵੇ ਉਨੇ ਹੀ ਖੋਖਲੇ ਲੱਗਦੇ ਹਨ। ਇਤਿਹਾਸ ਟਰੰਪ ਨੂੰ ਅਖੌਤੀ ਆਜ਼ਾਦ ਦੁਨੀਆ ਦੇ ਨੇਤਾ ਵਜੋਂ ਯਾਦ ਰੱਖੇਗਾ ਜਿਸਨੇ ਚੱਲ ਰਹੀ ਨਸਲਕੁਸ਼ੀ ਨੂੰ ਨੈਤਿਕ, ਭੌਤਿਕ ਅਤੇ ਰਾਜਨੀਤਿਕ ਸਮਰਥਨ ਦਿੱਤਾ। ਜੇਕਰ ਟਰੰਪ ਚਾਹੁੰਦਾ ਹੈ ਕਿ ਗਾਜ਼ਾ ਵਿੱਚ ਜੰਗ ਖਤਮ ਹੋਵੇ, ਤਾਂ ਇਹ ਤੁਰੰਤ ਹੋ ਸਕਦਾ ਹੈ ਪਰ ਉਹ ਅਜਿਹਾ ਨਹੀਂ ਕਰੇਗਾ। ਇੱਥੇ ਇੱਕ ਰਾਸ਼ਟਰਪਤੀ ਹੈ ਜਿਸਨੇ ਨੇਤਨਯਾਹੂ ਨੂੰ ਨਿਰਦੇਸ਼ ਦਿੱਤਾ ਕਿ ਉਹ ਲੜਾਕੂ ਜਹਾਜ਼ਾਂ ਨੂੰ ਵਾਪਸ ਭੇਜੇ ਜੋ ਪਹਿਲਾਂ ਹੀ ਹਵਾ ਵਿੱਚ ਈਰਾਨ ਵੱਲ ਤੇਹਰਾਨ ’ਤੇ ਬੰਬਾਰੀ ਕਰਨ ਲਈ ਜਾ ਰਹੇ ਸਨ। ਨੇਤਨਯਾਹੂ ਨੇ ਸਪੱਸ਼ਟ ਤੌਰ ’ਤੇ ਪਾਲਣਾ ਕੀਤੀ। ਟਰੰਪ ਨੇਤਨਯਾਹੂ ਨਾਲ ਇਸ ਤਰ੍ਹਾਂ ਦਾ ਪ੍ਰਭਾਵ ਪਾਉਂਦਾ ਹੈ। ਇਸ ਤਰ੍ਹਾਂ, ਨੇਤਨਯਾਹੂ ਨੂੰ ਗੈਸਾਂ ਦੀ ਤਬਾਹੀ ਨੂੰ ਜਾਰੀ ਰੱਖਣ ਲਈ ਸਮਰਥਨ ਕਰਕੇ ਕੁਝ ਲੋਕ ਇਹ ਵੀ ਕਹਿ ਸਕਦੇ ਹਨ ਕਿ ਟਰੰਪ ਇਸ ਵਿੱਚ ਸ਼ਾਮਲ ਹੈ। ਕੀ ਟਰੰਪ ਇਸ ਤਰ੍ਹਾਂ ਚਾਹੁੰਦਾ ਹੈ ਕਿ ਇਤਿਹਾਸ ਉਸਨੂੰ ਯਾਦ ਰੱਖੇ ? ਦੇਸਾਂ ਦੀ ਤਬਾਹੀ ਅਤੇ ਵਿਦੇਸ਼ੀਆਂ ਦੇ ਖ਼ੂਨ, ਬੱਚਿਆਂ ਦੀਆਂ ਲਾਸ਼ਾਂ ਵਿਛਾ ਕੇ ਕੀ ਉਹ ਨੋਬਲ ਸ਼ਾਂਤੀ ਪੁਰਸਕਾਰ ਲੈਣਾ ਚਾਹੁੰਦਾ ਹੈ। ਅਸਲ ਵਿਚ ਅਕਤੂਬਰ 2009 ਵਿੱਚ, ਨੋਬਲ ਪੁਰਸਕਾਰ ਕਮੇਟੀ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਸ਼ਾਂਤੀ ਪੁਰਸਕਾਰ ਦਿੱਤਾ, ਜੋ ਵਿਰੋਧ ਪ੍ਰਦਰਸ਼ਨਾਂ ਦੇ ਰੌਲੇ-ਰੱਪੇ ਵਿਚਕਾਰ ਸਿਰਫ਼ ਅੱਠ ਮਹੀਨੇ ਹੀ ਸਾਹਮਣੇ ਆਏ ਸਨ। ਇਹ ਇੱਕ ਬੇਰੋਕ ਆਫ਼ਤ ਸੀ। ਓਬਾਮਾ ਅਮਰੀਕਾ ਦੇ ਹੁਣ ਤੱਕ ਦੇ ਸਭ ਤੋਂ ਵਿਨਾਸ਼ਕਾਰੀ ਰਾਸ਼ਟਰਪਤੀਆਂ ਵਿੱਚੋਂ ਇੱਕ ਬਣ ਗਏ। ਉਸਨੇ ਲੀਬੀਆ ਨੂੰ ਤਬਾਹ ਕਰ ਦਿੱਤਾ, ਜੋ ਹੁਣ ਇੱਕ ਘਿਣਾਉਣਾ ਫੈਸਲਾਂ ਸੀ, ਅਤੇ ਅਮਰੀਕਾ ਆਪਣੇ ਰਾਸ਼ਟਰਪਤੀ ਦੇ ਸਾਰੇ ਅੱਠ ਸਾਲਾਂ ਵਿੱਚ ਯੁੱਧ ਵਿੱਚ ਰਿਹਾ। ਓਬਾਮਾ ਨੋਬਲ ਸ਼ਾਂਤੀ ਪੁਰਸਕਾਰ ਨੇ ਨੋਬਲ ਪੁਰਸਕਾਰ ਦੀ ਹੁਣ ਤੱਕ ਦੀ ਸ਼ਾਨਦਾਰ ਸਾਖ ਨੂੰ ਜੋ ਨੁਕਸਾਨ ਪਹੁੰਚਾਇਆ ਹੈ, ਉਸਨੂੰ ਸਹੀ ਹੋਣ ਵਿੱਚ ਦਹਾਕੇ ਲੱਗਣਗੇ। ਜਦ ਕਿ ਰਾਸ਼ਟਰਪਤੀ ਓਬਾਮਾ ਨੇ ਜਨਤਕ ਤੌਰ ’ਤੇ ਕਿਹਾ ਸੀ ਕਿ ਲੀਬੀਆ ਉਨ੍ਹਾਂ ਦਾ ਸਭ ਤੋਂ ਵੱਡਾ ਪਛਤਾਵਾ ਰਹੇਗਾ ਜੋ ਉਸ ਨੇ ਗਲਤ ਕੀਤਾ। ਕੋਈ ਇਹ ਦਲੀਲ ਦੇ ਸਕਦਾ ਹੈ ਕਿ ਓਬਾਮਾ ਦਾ ਇਰਾਕ ਤੋਂ ਅਮਰੀਕੀ ਫੌਜਾਂ ਨੂੰ ਵਾਪਸ ਬੁਲਾਉਣ ਦਾ ਫੈਸਲਾ ਉਨ੍ਹਾਂ ਦੀ ਸਭ ਤੋਂ ਵੱਡੀ ਵਿਦੇਸ਼ ਨੀਤੀ ਗਲਤੀ ਸੀ। ਉਪ ਰਾਸ਼ਟਰਪਤੀ ਬਿਡੇਨ ਦੁਆਰਾ ਇਰਾਕ ਨੂੰ ਉਨ੍ਹਾਂ ਦੇ ਪ੍ਰਸ਼ਾਸਨ ਦੀਆਂ ਸਭ ਤੋਂ ਵੱਡੀਆਂ ਸਫਲਤਾਵਾਂ ਵਿੱਚੋਂ ਇੱਕ ਵਜੋਂ ਪੇਸ਼ ਕਰਨ ਤੋਂ ਕੁਝ ਸਾਲ ਬਾਅਦ, ਇਰਾਕ ਸੰਪਰਦਾਇਕ ਲੜਾਈ ਵਿੱਚ ਘੁਲ ਗਿਆ ਜਿਸ ਕਾਰਨ ਆਈ ਐਸ ਆਈ ਐਸ ਦਾ ਗਠਨ ਹੋਇਆ ਅਤੇ ਪੂਰੇ ਮੱਧ ਪੂਰਬ ਨੂੰ ਅਸਥਿਰ ਕਰ ਦਿੱਤਾ ਗਿਆ। ਅਮਰੀਕੀ ਸੈਨਿਕਾਂ ਨੂੰ ਓਬਾਮਾ ਦੁਆਰਾ ਫੌਜ ਸਮਝੌਤੇ ਦੀ ਸਥਿਤੀ ਤੋਂ ਬਿਨਾਂ ਇਰਾਕ ਵਿੱਚ ਦੁਬਾਰਾ ਸ਼ਾਮਲ ਕੀਤਾ ਗਿਆ ਸੀ। ਲੀਬੀਆ ਦੇ ਸੰਬੰਧ ਵਿੱਚ, ਇਹ ਪ੍ਰਸ਼ਾਸਨ ਦਾ ਮਸ਼ਹੂਰ ÷ਪਿੱਛੇ ਤੋਂ ਅਗਵਾਈ÷ ਫੌਜੀ ਦਖਲ ਸੀ ਜੋ ਤਾਨਾਸ਼ਾਹ ਗੱਦਾਫੀ ਨੂੰ ਹਟਾਉਣ ਲਈ ਸੀ। ਸਹਿਯੋਗੀ ਹਵਾਈ ਬੰਬਾਰੀ ਤੋਂ ਬਾਅਦ ਦੇਸ਼ ਵਿੱਚ ਜਾਣ ਅਤੇ ਸਥਿਰ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਦੁਬਾਰਾ, ਕਾਰਵਾਈ ਦੀ ਉਸ ਘਾਟ ਨੇ ਫਿਰ ਭਿਆਨਕ ਸੰਪਰਦਾਇਕ ਹਿੰਸਾ, ਆਈ ਐਸ ਆਈ ਐਸ ਦੇ ਹੋਰ ਵਾਧੇ ਅਤੇ ਯੂਰਪ ਵਿੱਚ ਸ਼ਰਨਾਰਥੀ ਸੰਕਟ ਦੀ ਸ਼ੁਰੂਆਤ ਵੱਲ ਅਗਵਾਈ ਕੀਤੀ। ਟਰੰਪ ਨੇ ਆਪਣਾ ਦੂਜਾ ਕਾਰਜਕਾਲ ਸੰਘਰਸ਼ ਵਿੱਚ ਉਲਝਿਆ ਹੋਇਆ ਸ਼ੁਰੂ ਕੀਤਾ ਹੈ। ਉਹ ਦੁਨੀਆ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਮਾਨਤਾ ਪ੍ਰਾਪਤ ਇੱਕੋ-ਇੱਕ ਚੱਲ ਰਹੇ ਨਸਲਕੁਸ਼ੀ ਵਿੱਚ ÷ਸ਼ਾਮਲ÷ ਹੈ। ਪੁਰਸਕਾਰ ਕਮੇਟੀ ਅਗਲੇ ਮਹੀਨੇ ਆਪਣੇ 2015 ਦੇ ਜੇਤੂਆਂ ਦਾ ਪਰਦਾਫਾਸ਼ ਕਰੇਗੀ। ਕੀ ਪੁਰਸਕਾਰ ਕਮੇਟੀ ਬੈਠ ਕੇ ਟਰੰਪ ਨੂੰ ਇਨਾਮ ਦੇਵੇਗੀ ਜਦੋਂ ਉਹ ਆਪਣੇ ਸਾਥੀ ਨੂੰ ਜੈਕਾਰੇ ਗਜਾਉਂਦਾ ਹੈ ਜਦੋਂ ਉਹ ਗਾਜ਼ਾ ਵਿੱਚ ਬੇਸਹਾਰਾ ਲੋਕਾਂ ਨੂੰ ਮਾਰਦਾ ਹੈ, ਭੁੱਖਾ ਰੱਖਦਾ ਹੈ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਜਿਉਂਦੇ ਨਰਕ ਵਿੱਚ ਬਦਲਦਾ ਹੈ ? ਇਸ ਨੋਬਲ ਪੁਰਸਕਾਰ ਨੂੰ ਦੇਣ ਵਾਰੇ ਸੰਯੁਕਤ ਰਾਸ਼ਟਰ ਨੂੰ ਇਕ ਵਾਰ ਫਿਰ ਤੋਂ ਬਹੁਤ ਬਰੀਕੀ ਨਾਲ ਸਾਰ ਤੱਥਾਂ ਨੂੰ ਦੇਖਣ ਦੀ ਲੋੜ ਹੈ ਅਤੇ ਇਸ ਦਾ ਕੌਣ ਸਹੀ ਹੱਕਦਾਰ ਹੈ ਟਰੰਪ ਜਾਂ ਕੋਈ ਹੋਰ ?

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਜੀਤ ਸਿੰਘ ਫਲੋਰਾ
647-829-9397



### ਜਨਮ ਦਿਨ ਤੇ ਵਿਸ਼ੇਸ਼ ਲੇਖ

# ਪੰਜਾਬ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾਣ ਵਾਲਾ ਮੁੱਖ ਮੰਤਰੀ.. ਸ੍ਰ. ਪਰਤਾਪ ਸਿੰਘ ਕੈਰੋਂ



ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਇਸ ਨੂੰ ਤਰੱਕੀ ਤੇ ਲਿਜਾਣ ਲਈ ਚੰਗੇ ਸੂਝਵਾਨ ਲੀਡਰਾਂ ਦੀ ਲੋੜ ਸੀ ਤਾਂ ਅਣਵੰਡੇ ਪੰਜਾਬ ਜਿਸ ਵਿੱਚ ਪੰਜਾਬ ਦਾ ਸਾਰਾ ਇਲਾਕਾ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਕੁਝ ਇਲਾਕਾ ਸੀ ਨੂੰ ਤਰੱਕੀ ਲਈ ਜੱਦੋ ਜਹਿਦ ਕਰਕੇ ਵਿਕਾਸ ਕਰਵਾਉਣ ਵਾਲਾ ਇੱਕੋ ਇੱਕ ਮੁਖ ਮੰਤਰੀ ਸੀ ਸ੍ਰ. ਪਰਤਾਪ ਸਿੰਘ ਕੈਰੋ ! ਸ੍ਰ. ਪਰਤਾਪ ਸਿੰਘ ਕੈਰੋਂ ਦਾ ਜਨਮ 1 ਅਕਤੂਬਰ 1901 ਨੂੰ ਸ੍ਰ ਨਿਹਾਲ ਸਿੰਘ ਦੇ ਘਰ ਪਿੰਡ ਕੈਰੋਂ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ।ਆਪ ਦੇ ਪਿਤਾ ਨਿਹਾਲ ਸਿੰਘ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ। ਇਸ ਨੇ ਮੁੱਡਲੀ ਵਿੱਦਿਆ ਕੋਲੋਨਲ ਬ੍ਰਾਊਨ ਕੈਂਬ੍ਰਿਜ ਸਕੂਲ ਦੇਹਰਾਦਨ ਤੋਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ ਤੋਂ ਬੀ.ਏ ਕਰਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ।ਜਿੱਥੇ ਉਹਨਾਂ ਯੂਨੀਵਰਸਿਟੀ ਕੈਲੀਫ਼ੋਰਨੀਆਂ ਐਟ ਬਰਕਲੇ ਤੋਂ ਐਮ.ਏ( ਇਕਨਾਮਿਕਸ) ਅਤੇ ਯੂਨੀਵਰਸਿਟੀ ਆਫ਼ ਮਿਸ਼ੀਗਨ ਤੋਂ ਐਮ .ਏ ( ਪੋਲੀਟੀਕਲ ਸਾਇੰਸ ਦੀ ਡਿਗਰੀ) ਪ੍ਰਾਪਤ ਕਰਕੇ 1929 ਵਿੱਚ ਵਾਪਸ ਮੁੜ ਆਏ। ਇੱਥੇ ਆਕੇ ਉਹ ਸ਼ ?ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।1930 ਵਿੱਚ ਅਕਾਲੀ ਦਲ ਤੋਂ ਅਸਤੀਫ਼ਾ ਦੇਕੇ ਕਾਂਗਰਸ ਵਿੱਚ ਚਲੇ ਗਏ।ਇਹਨਾਂ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ। ਇਹਨਾਂ ਘਰ ਤਿੰਨ ਬੱਚਿਆਂ ਸੁਰਿੰਦਰ ਸਿੰਘ ਕੈਰੋਂ, ਗੁਰਿੰਦਰ ਸਿੰਘ ਕੈਰੋਂ ਅਤੇ ਧੀ ਸਰਬਰਿੰਦਰ ਕੌਰ ਕੈਰੋਂ ਨੇ ਜਨਮ ਲਿਆ।

13 ਅਪਰੈਲ 1932 ਵਿੱਚ ਉਹਨਾਂ ਨੇ ਅੰਮ੍ਰਿਤਸਰ ਵਿੱਚ ਇੱਕ ਅੰਗਰੇਜ਼ੀ ਹਫ਼ਤਾਵਰੀ ਅਖ਼ਬਾਰ ਦ ਨਿਊ ਏਰਾ ਸ਼ੁਰੂ ਕੀਤਾ।ਪਰਤਾਪ ਸਿੰਘ ਕੈਰੋਂ ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਉਹਨਾਂ ਨੂੰ ਅਖ਼ਬਾਰ ਬੰਦ ਕਰਨਾ ਪਿਆ।1932 ਵਿੱਚ ਜਦ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਹੋਈ ਤਾਂ ਆਪ ਨੇ ਮੋਹਰੀ ਹੋਕੇ ਇਸ ਵਿੱਚ ਹਿੱਸਾ ਲੈ ਲਿਆ ਜਿਸ ਦੇ ਸਿੱਟੇ ਵਜੋਂ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਦੀ ਸਜਾ ਹੋਈ।

1937 ਵਿੱਚ ਫਿਰ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।1941 ਵਿੱਚ ਫਿਰ ਕਾਂਗਰਸੀ ਬਣ ਗਏ। 1942 ਵਿੱਚ ਭਾਰਤ ਛੱਡੋ ਅੰਦੋਲਨ ਵਿੱਚ ਫਿਰ ਪੰਜ ਸਾਲ ਦੀ ਸਜਾ ਹੋਈ।

1946 ਵਿੱਚ ਆਪ ਸੰਵਿਧਾਨਿਕ ਅਸੈਂਬਲੀ ਪੱਟੀ ਹਲਕੇ ਤੋਂ ਚੁਣੇ ਗਏ।1947 ਤੋਂ 49 ਤੱਕ ਪੰਜਾਬ ਦੇ ਵਿਕਾਸ ਅਤੇ ਮੁੜ ਵਸੇਵਾ ਮੰਤਰੀ ਰਹੇ।ਪੱਛਮੀ ਪੰਜਾਬ ਤੋਂ ਆਏ ਤੀਹ ਲੱਖ ਲੋਕਾਂ ਨੂੰ ਮੁੜ ਵਸਾਇਆ ਅਤੇ ਉਹਨਾਂ ਨੂੰ ਜਮੀਨਾਂ ਅਤੇ ਘਰ ਅਲਾਟ ਕੀਤੇ। ਆਪ 1952 ਤੋਂ 57 ਅਤੇ 1957 ਤੋਂ 62 ਤੱਕ ਸਰਹਾਲੀ ਹਲਕੇ ਤੋਂ ਐਮ ਐਲ ਏ ਰਹੇ।1962 ਵਿੱਚ ਫਿਰ ਸਰਹਾਲੀ ਹਲਕੇ ਤੋਂ ਐਮ ਐਲ ਏ ਚੁਣੇ ਗਏ।

ਸ੍ਰ.ਪਰਤਾਪ ਸਿੰਘ ਕੈਰੋਂ 23 ਜਨਵਰੀ 1956 ਤੋਂ 21 ਜੂਨ 1964 ਤੱਕ ਲਗਾਤਾਰ ਅੱਠ ਸਾਲ ਤੋਂ ਵੱਧ ਸਮਾਂ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਦੋਂ ਪੰਜਾਬ ਵਿੱਚ ਹਰਿਆਣਾ ਅਤੇ ਕੁਝ ਇਲਾਕਾ ਹਿਮਾਚਲ ਦਾ ਪੰਜਾਬ ਵਿੱਚ ਸੀ ਉਸ ਟਾਇਮ ਪੰਜਾਬ ਦੇ ਮੁੱਖ ਮੰਤਰੀ ਰਹੇ।

ਇਹਨਾਂ ਮੁੱਖ ਮੰਤਰੀ ਹੁੰਦਿਆਂ ਪੰਜਾਬ ਦਾ ਬਹੁਤ ਵਿਕਾਸ ਕਰਵਾਇਆ।ਪੰਜਾਬ ਦੀ ਹਰ ਵੱਡੀ ਸੰਸਥਾ ਬਣਾਉਣ ਦਾ ਸਿਹਰਾ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਹਿੱਸੇ ਆਉਂਦਾ ਹੈ ਜਿਵੇਂ ਚੰਡੀਗ ?ਹੜ ਸ਼ਹਿਰ, ਭਾਖੜਾ ਡੈਮ (ਨੰਗਲ), ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ,ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ (ਕੁਰੂਕਸ਼ੇਤਰ), ਪੀ, ਜੀ ਆਈ ਚੰਡੀਗ ?ਹੜ, ਵੇਰਕਾ ਮਿਲਕ ਪਲਾਂਟ ਵੇਰਕਾ,ਮੈਡੀਕਲ ਕਾਲਜ ਰੋਹਤਕ,ਆਦਿ ਬਹੁਤ ਸਾਰੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ।

ਮੁਖ ਮੰਤਰੀ ਕੈਰੋਂ ਨੇ ਪੰਜਾਬ ਵਿੱਚ ਜ਼ਮੀਨਾਂ ਦੀ ਮੁਰੱਬੇਬੰਦੀ ਕਰਵਾ ਕੇ ਹਰ ਕਿਸਾਨ ਦੀ ਜ਼ਮੀਨ ਇੱਕ ਥਾਂ ਇਕੱਠੀ ਕੀਤੀ।ਆਪਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਜਿਸ ਕਰਕੇ ਪੜਤਾਲੀਆ ਕਮਿਸ਼ਨ ਬਣਾਇਆ ਗਿਆ।ਪੜਤਾਲੀਆ ਕਮਿਸ਼ਨ ਕੋਈ ਦੋਸ਼ ਸਾਬਤ ਨਾ ਕਰ ਸਕਿਆ।ਆਖ਼ਰ ਦਾਸ ਕਮਿਸ਼ਨ ਬੈਠਾ ਉਹ ਇਹ ਸਾਬਤ ਕਰ ਸਕਿਆ ਕਿ ਮੁੱਖ ਮੰਤਰੀ ਕੈਰੋਂ ਸ਼ੂਗਰ ਦਾ ਮਰੀਜ਼ ਹੋਣ ਕਰਕੇ 1956 ਦੀਆਂ ਚੋਣਾਂ ਦੌਰਾਨ ਦੌਰਿਆਂ ਸਮੇਂ ਅਸਿਸਟੈਂਟ ਸਰਜਨ ਡਾ ਢਿੱਲੋਂ ਨੂੰ ਆਪਣੇ ਨਾਲ ਰੱਖਦਾ ਸੀ।ਡਾ.ਢਿੱਲੋਂ ਨੇ ਆਪਣੇ ਦਫ਼ਤਰੋਂ ਛੁੱਟੀ ਨਹੀਂ ਲਈ ਸੀ।

ਮੁੱਖ ਮੰਤਰੀ ਕੈਰੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਬਹੁਤ ਨਜ਼ਦੀਕੀ ਬੰਦਾ ਸੀ ।ਪੰਡਤ ਨਹਿਰੂ ਦੀ 27 ਮਈ 1964 ਨੂੰ ਮੌਤ ਹੋ ਗਈ।ਆਪਣੀ ਜ਼ਿੰਮੇਵਾਰੀ ਸਮਝਦਿਆਂ ਕੈਰੋਂ ਨੇ 21 ਜੂਨ 1964 ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।ਮੁੱਖ ਮੰਤਰੀ ਕੈਰੋਂ ਦੇ ਨਾਓਂ ਦੀ 2005 ਵਿੱਚ ਡਾਕ ਟਿਕਟ ਜਾਰੀ ਕੀਤੀ ਗਈ।

6 ਫ਼ਰਵਰੀ 1965 ਨੂੰ ਪੰਡਤ ਨਹਿਰੂ ਦੀ ਮੌਤ ਤੋਂ ਬਾਅਦ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲ ਕੇ ਜਦ ਪਰਤਾਪ ਸਿੰਘ ਕੈਰੋਂ ਵਾਪਸ ਦਿੱਲੀ ਤੋਂ ਚੰਡੀਗ ?ਹੜ ਨੂੰ ਆ ਰਹੇ ਸਨ ਤਾਂ ਜੀ ਟੀ ਰੋਡ ਤੇ ਸੋਨੀਪਤ ਜਿਲ੍ਹੇ ਦੇ ਪਿੰਡ ਰਸੋਈ ਨੇੜੇ ਉਸ ਦੀ ਉਡੀਕ ਕਰ ਰਹੇ ਚਾਰ ਕਾਤਲਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।ਚਾਰੇ ਕਾਤਲ ਫੜੇ ਗਏ ਤਿੰਨ ਕਾਤਲਾਂ ਨੂੰ ਫਾਂਸੀ ਲਾ ਦਿੱਤਾ ਗਿਆ ਅਤੇ ਚੌਥੇ ਕਾਤਲ ਦਯਾ ਸਿੰਘ ਨੂੰ ਬਰੀ ਕਰ ਦਿੱਤਾ ਗਿਆ।ਪੰਜਾਬ ਨੂੰ ਮੁੜ ਅਜਿਹਾ ਤਰੱਕੀ ਦੇ ਰਾਹ ਲਿਜਾਣ ਵਾਲਾ ਪੜ੍ਹਿਆ ਲਿਖਿਆ ਸੂਝਬਾਨ ਮੁੱਖ ਮੰਤਰੀ ਨਹੀਂ ਮਿਲਿਆ।ਹਜੇ ਵੀ ਪਰਤਾਪ ਸਿੰਘ ਕੈਰੋਂ ਦਾ ਨਾਮ ਰਾਜਨੀਤਕ ਤੌਰ ਤੇ ਬੜੇ ਪਿਆਰ ਨਾਲ ਲਿਆ ਜਾਂਦਾ ਹੈ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਖਵਿੰਦਰ ਸਿੰਘ ਮੁੱਲਾਂਪੁਰ
$. +91: 9914184794

# ਭਗਤ ਸਿੰਘ: ਇਨਕਲਾਬ ਤੋਂ ਅੱਜ ਤੱਕ



ਇਨਕਲਾਬ ਬੰਦੂਕਾਂ ਦੀਆਂ ਗੋਲੀਆਂ ਨਾਲ ਨਹੀਂ, ਸਗੋਂ ਵਿਚਾਰਾਂ ਦੀ ਸ਼ਕਤੀ ਨਾਲ ਆਉਂਦਾ ਹੈ। ਭਗਤ ਸਿੰਘ ਦਾ ਜੀਵਨ ਸਿਰਫ਼ ਇੱਕ ਇਨਕਲਾਬੀ ਗਾਥਾ ਨਹੀਂ ਹੈ, ਸਗੋਂ ਇੱਕ ਵਿਚਾਰਧਾਰਾ ਦਾ ਪ੍ਰਤੀਕ ਹੈ।ਉਨ੍ਹਾਂ ਦੇ ਵਿਚਾਰਾਂ ਵਿੱਚ ਉਨ੍ਹਾਂ ਦੀ ਸ਼ਹਾਦਤ ਤੋਂ ਪਹਿਲਾਂ ਸ਼ਕਤੀ ਸੀ, ਅਤੇ ਉਨ੍ਹਾਂ ਦਾ ਪ੍ਰਭਾਵ ਉਨ੍ਹਾਂ ਦੀ ਮੌਤ ਤੋਂ ਬਾਅਦ ਵੀ ਅਮਰ ਹੈ। ਅੱਜ, ਜਿਵੇਂ ਕਿ ਅਸੀਂ ਆਰਥਿਕ ਅਸਮਾਨਤਾ, ਫਿਰਕਾਪ੍ਰਸਤੀ ਅਤੇ ਭ੍ਰਿਸ਼ਟਾਚਾਰ ਨਾਲ ਜੂਝ ਰਹੇ ਹਾਂ, ਭਗਤ ਸਿੰਘ ਦੇ ਵਿਚਾਰ ਪਹਿਲਾਂ ਨਾਲੋਂ ਵੀ ਜ਼ਿਆਦਾ ਮਹੱਤਵਪੂਰਨ ਹੋ ਜਾਂਦੇ ਹਨ। ਉਨ੍ਹਾਂ ਦਾ ਸੁਪਨਾ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਤੱਕ ਸੀਮਿਤ ਨਹੀਂ ਸੀ; ਉਨ੍ਹਾਂ ਨੇ ਇੱਕ ਅਜਿਹੇ ਭਾਰਤ ਦੀ ਕਲਪਨਾ ਕੀਤੀ ਜਿੱਥੇ ਸਾਰਿਆਂ ਨੂੰ ਬਰਾਬਰ ਅਧਿਕਾਰ ਅਤੇ ਮੌਕੇ ਮਿਲਣ।

23 ਮਾਰਚ, 1931—ਲਾਹੌਰ ਜੇਲ੍ਹ ਵਿੱਚ ਤਿੰਨ ਨੌਜਵਾਨਾਂ ਦੇ ਕਦਮਾਂ ਦੀ ਆਹਟ ਸੁਣਾਈ ਦਿੰਦੀ ਹੈ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ, ਮੁਸਕਰਾਉਂਦੇ ਹੋਏ, ਫਾਂਸੀ ਦੇ ਤਖ਼ਤੇ ਵੱਲ ਤੁਰਦੇ ਹਨ।ਮੌਤ ਦਾ ਕੋਈ ਡਰ ਨਹੀਂ, ਪਰ ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ ਚੰਗਿਆੜੀ ਹੈ—ਕ੍ਰਾਂਤੀ, ਤਬਦੀਲੀ ਦੀ। ਉਹ ਜਾਣਦੇ ਹਨ ਕਿ ਉਨ੍ਹਾਂ ਦੇ ਵਿਚਾਰ ਕਦੇ ਨਹੀਂ ਮਰਨਗੇ।

23 ਮਾਰਚ, 1931 ਨੂੰ, ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੇ ਦਿੱਤੀ ਗਈ ਸੀ।ਪਰ ਕੀ ਕੋਈ ਇਨਕਲਾਬੀ ਸੱਚਮੁੱਚ ਮਰ ਸਕਦਾ ਹੈ ? ਉਨ੍ਹਾਂ ਦੇ ਵਿਚਾਰ, ਉਨ੍ਹਾਂ ਦੇ ਵਿਚਾਰ ਅਤੇ ਉਨ੍ਹਾਂ ਦੀ ਪ੍ਰੇਰਨਾ ਅੱਜ ਵੀ ਜਿਉਂਦੀ ਹੈ। ਉਨ੍ਹਾਂ ਨੇ ਸਿਰਫ਼ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਹੀ ਨਹੀਂ, ਸਗੋਂ ਸਮਾਨਤਾ, ਨਿਆਂ ਅਤੇ ਆਜ਼ਾਦੀ ’ਤੇ ਅਧਾਰਤ ਭਾਰਤ ਲਈ ਵੀ ਲੜਾਈ ਲੜੀ।

**ਇੱਕ ਚਿੰਤਕ ਦਾ ਜਨਮ**

28 ਸਤੰਬਰ, 1907 ਨੂੰ ਪੰਜਾਬ (ਹੁਣ ਪਾਕਿਸਤਾਨ) ਦੇ ਬੰਗਾ ਪਿੰਡ ਵਿੱਚ ਜਨਮੇ ਭਗਤ ਸਿੰਘ ਦਾ ਬਚਪਨ ਕਿਤਾਬਾਂ ਅਤੇ ਇਨਕਲਾਬੀ ਚਰਚਾਵਾਂ ਵਿੱਚ ਬੀਤਿਆ।ਉਨ੍ਹਾਂ ਦਾ ਪਰਿਵਾਰ ਦੇਸ਼ ਭਗਤੀ ਵਿੱਚ ਡੁੱਬਿਆ ਹੋਇਆ ਸੀ। ਹਾਲਾਂਕਿ, 1919 ਦਾ ਜਲ੍ਹਿਆਂਵਾਲਾ ਬਾਗ ਕਤਲੇਆਮ ਉਨ੍ਹਾਂ ਲਈ ਇੱਕ ਝਟਕਾ ਸੀ।ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਆਜ਼ਾਦੀ ਸਿਰਫ਼ ਇੱਕ ਸੁਪਨਾ ਨਹੀਂ ਹੋਣੀ ਚਾਹੀਦੀ, ਸਗੋਂ ਸੰਘਰਸ਼ ਦੀ ਹਕੀਕਤ ਹੋਣੀ ਚਾਹੀਦੀ ਹੈ। ਭਗਤ ਸਿੰਘ ਬਚਪਨ ਤੋਂ ਹੀ ਬਾਗ਼ੀ ਅਤੇ ਉਤਸੁਕ ਸਨ। ਜਲ੍ਹਿਆਂਵਾਲਾ ਬਾਗ ਕਤਲੇਆਮ (1919) ਨੇ ਉਨ੍ਹਾਂ ਨੂੰ ਆਪਣੇ ਦਿਲ ਵਿੱਚ ਹਿਲਾ ਕੇ ਰੱਖ ਦਿੱਤਾ ਅਤੇ ਉਨ੍ਹਾਂ ਨੂੰ ਫੈਸਲਾ ਲੈਣ ਲਈ ਮਜਬੂਰ ਕਰ ਦਿੱਤਾ ਕਿ ਉਹ ਸਿਰਫ਼ ਦਰਸ਼ਕ ਨਹੀਂ ਰਹਿ ਸਕਦੇ।

**ਇਨਕਲਾਬ ਦੇ ਰਾਹ ’ਤੇ ਪਹਿਲਾ ਕਦਮ**

ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (8♥♣1) ਵਿੱਚ ਸ਼ਾਮਲ ਹੋ ਕੇ, ਭਗਤ ਸਿੰਘ ਨੇ ਬ੍ਰਿਟਿਸ਼ ਸ਼ਾਸਨ ਵਿਰੁੱਧ ਆਪਣੀ ਲੜਾਈ ਨੂੰ ਰੂਪ ਦਿੱਤਾ। ਸਾਂਡਰਸ ਕਤਲ ਕੇਸ (1928) - ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਪੁਲਿਸ ਅਫਸਰ ਜੌਨ ਸਾਂਡਰਸ ਦਾ ਕਤਲ ਕਰ ਦਿੱਤਾ। ਇਸਨੇ ਇੱਕ ਇਨਕਲਾਬੀ ਸੰਦੇਸ਼ ਦਿੱਤਾ ਕਿ ਜ਼ੁਲਮ ਦਾ ਵਿਰੋਧ ਕੀਤਾ ਜਾਵੇਗਾ।ਅਸੈਂਬਲੀ ਬੰਬ ਕੇਸ (1929) - ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਬ੍ਰਿਟਿਸ਼ ਸੰਸਦ ਵਿੱਚ ਬੰਬ ਸੁੱਟਿਆ, ਪਰ ਇਹ ਕਿਸੇ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ ਸੀ।ਉਹ ਗ੍ਰਿਫ਼ਤਾਰ ਹੋਣ ਲਈ ਤਿਆਰ ਸਨ ਤਾਂ ਜੋ ਉਹ ਅਦਾਲਤ ਦੇ ਕਮਰੇ ਤੋਂ ਪੂਰੇ ਦੇਸ਼ ਨੂੰ ਆਪਣੇ ਵਿਚਾਰ ਦੱਸ ਸਕਣ।ਉਨ੍ਹਾਂ ਦਾ ਉਦੇਸ਼ ਸਿਰਫ਼ ਹਿੰਸਾ ਨਹੀਂ ਸੀ। ਉਨ੍ਹਾਂ ਦਾ ਉਦੇਸ਼ ਲੋਕਾਂ ਨੂੰ ਜਗਾਉਣਾ ਸੀ, ਉਨ੍ਹਾਂ ਨੂੰ ਇਹ ਦਿਖਾਉਣਾ ਸੀ ਕਿ ਆਜ਼ਾਦੀ ਸਿਰਫ਼ ਰਾਜਨੀਤਿਕ ਤਬਦੀਲੀ ਬਾਰੇ ਨਹੀਂ ਹੋਣੀ ਚਾਹੀਦੀ, ਸਗੋਂ ਸਮਾਜਿਕ ਤਬਦੀਲੀ ਬਾਰੇ ਵੀ ਹੋਣੀ ਚਾਹੀਦੀ ਹੈ।

**ਜੇਲ੍ਹ ਵਿੱਚ ਵਿਚਾਰਾਂ ਦੀ ਕ੍ਰਾਂਤੀ**

ਭਗਤ ਸਿੰਘ ਸਿਰਫ਼ ਬੰਦੂਕ ਵਾਲਾ ਇਨਕਲਾਬੀ ਨਹੀਂ ਸੀ; ਉਹ ਵਿਚਾਰਾਂ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖਦਾ ਸੀ। ਜੇਲ੍ਹ ਵਿੱਚ ਰਹਿੰਦਿਆਂ, ਉਸਨੇ 64 ਦਿਨਾਂ ਲਈ ਭੁੱਖ ਹੜਤਾਲ ਕੀਤੀ, ਜਿਸ ਨਾਲ ਬ੍ਰਿਟਿਸ਼ ਸਰਕਾਰ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਹੋਣਾ ਪਿਆ।ਉਸਨੇ ਕਈ ਲੇਖ ਲਿਖੇ ਜੋ ਸਮਾਜਵਾਦ, ਧਰਮ ਅਤੇ ਆਜ਼ਾਦੀ ਬਾਰੇ ਉਸਦੇ ਵਿਚਾਰਾਂ ਨੂੰ ਸਪਸ਼ਟ ਤੌਰ ’ਤੇ ਦਰਸਾਉਂਦੇ ਹਨ। ਉਸਦਾ ਮੰਨਣਾ ਸੀ ਕਿ ਇੱਕ ਸੱਚੀ ਕ੍ਰਾਂਤੀ ਉਦੋਂ ਆਵੇਗੀ ਜਦੋਂ ਸਮਾਜ ਵਿੱਚ ਤਬਦੀਲੀ ਦੀ ਲਹਿਰ ਆਵੇਗੀ।ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਗਤ ਸਿੰਘ ਦੀ ਅਸਲ ਤਾਕਤ ਉਸਦੀ ਕਲਮ ਅਤੇ ਉਸਦੀ ਸੋਚ ਵਿੱਚ ਸੀ।ਜੇਲ੍ਹ ਵਿੱਚ ਰਹਿੰਦਿਆਂ, ਉਸਨੇ ਕਈ ਲੇਖ ਲਿਖੇ ਜਿਨ੍ਹਾਂ ਵਿੱਚ ਉਸਨੇ ਸਮਾਜਵਾਦ, ਧਰਮ, ਆਜ਼ਾਦੀ ਅਤੇ ਇਨਕਲਾਬ ਬਾਰੇ ਆਪਣੇ ਡੂੰਘੇ ਵਿਚਾਰ ਪ੍ਰਗਟ ਕੀਤੇ। ਉਸਨੇ ਇੱਕ ਵਾਰ ਕਿਹਾ ਸੀ, ਜੇ ਤੁਸੀਂ ਚਾਹੁੰਦੇ ਹੋ ਕਿ ਬੋਲ ? ਸੁਣੇ, ਤਾਂ ਤੁਹਾਨੂੰ ਆਪਣੀ ਆਵਾਜ਼ ਬਹੁਤ ਉੱਚੀ ਆਵਾਜ਼ ਵਿੱਚ ਬੁਲੰਦ ਕਰਨੀ ਚਾਹੀਦੀ ਹੈ।

**ਸ਼ਹਾਦਤ ਅਤੇ ਅਮਰਤਾ**

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ 23 ਮਾਰਚ, 1931 ਨੂੰ ਫਾਂਸੀ ਦੇ ਦਿੱਤੀ ਗਈ ਸੀ।ਪਰ ਉਨ੍ਹਾਂ ਦੀ ਮੌਤ ਸਿਰਫ਼ ਇੱਕ ਘਟਨਾ ਨਹੀਂ ਸੀ; ਉਨ੍ਹਾਂ ਨੇ ਭਾਰਤੀ ਆਜ਼ਾਦੀ ਸੰਗਰਾਮ ਨੂੰ ਹਵਾ ਦਿੱਤੀ। ਉਨ੍ਹਾਂ ਦੀ ਵਿਚਾਰਧਾਰਾ, ਉਨ੍ਹਾਂ ਦੀ ਹਿੰਮਤ ਅਤੇ ਉਨ੍ਹਾਂ ਦੀ ਇਨਕਲਾਬੀ ਭਾਵਨਾ ਅੱਜ ਵੀ ਜੀਵੰਤ ਹੈ।ਭਗਤ ਸਿੰਘ ਦੀ ਵਿਚਾਰਧਾਰਾ ਨਾ ਸਿਰਫ਼ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਸੀ, ਸਗੋਂ ਸ਼ੋਸ਼ਣ ਤੋਂ ਮੁਕਤ, ਨਿਆਂਪੂਰਨ ਅਤੇ ਵਿਗਿਆਨਕ ਸੋਚ ’ਤੇ ਅਧਾਰਤ ਸਮਾਜ ਦੀ ਵਕਾਲਤ ਵੀ ਕਰਦੀ ਸੀ। ਉਨ੍ਹਾਂ ਦੀ ਵਿਚਾਰਧਾਰਾ ਅੱਜ ਵੀ ਸਾਡੇ ਲਈ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਦੀ ਰਹਿੰਦੀ ਹੈ।

**ਅੱਜ ਦੇ ਸਮੇਂ ਵਿੱਚ ਭਗਤ ਸਿੰਘ ਦੀ ਵਿਚਾਰਧਾਰਾ ਦੀ ਸਾਰਥਕਤਾ**

ਅੱਜ, ਜਦੋਂ ਅਸੀਂ ਆਰਥਿਕ ਅਸਮਾਨਤਾ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਸਮਾਜਿਕ ਵਿਤਕਰੇ ਅਤੇ ਫਿਰਕਾਪ੍ਰਸਤੀ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਾਂ, ਭਗਤ ਸਿੰਘ ਦੀ ਵਿਚਾਰਧਾਰਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਹੈ।ਉਨ੍ਹਾਂ ਨੇ ਨਾ ਸਿਰਫ਼ ਆਜ਼ਾਦੀ ਲਈ ਲੜਾਈ ਲੜੀ, ਸਗੋਂ ਸ਼ੋਸ਼ਣ ਤੋਂ ਮੁਕਤ ਅਤੇ ਸਮਾਨਤਾ ’ਤੇ ਅਧਾਰਤ ਸਮਾਜ ਦੀ ਕਲਪਨਾ ਵੀ ਕੀਤੀ।ਭਗਤ ਸਿੰਘ ਦਾ ਮੰਨਣਾ ਸੀ ਕਿ ਸੱਚੀ ਆਜ਼ਾਦੀ ਉਦੋਂ ਹੀ ਪ੍ਰਾਪਤ ਹੋਵੇਗੀ ਜਦੋਂ ਜਨਤਾ ਸਿੱਖਿਅਤ ਅਤੇ ਜਾਗਰੂਕ ਹੋਵੇਗੀ। ਅੱਜ ਵੀ, ਇੱਕ ਬਿਹਤਰ ਸਿੱਖਿਆ ਪ੍ਰਣਾਲੀ ਅਤੇ ਤਰਕਸ਼ੀਲ ਸੋਚ ਦੀ ਲੋੜ ਹੈ।ਉਨ੍ਹਾਂ ਨੇ ਜਾਤ, ਧਰਮ ਅਤੇ ਵਰਗ ਵਿਤਕਰੇ ਤੋਂ ਮੁਕਤ ਸਮਾਜ ਦੀ ਵਕਾਲਤ ਕੀਤੀ।ਅੱਜ ਵੀ, ਸਾਨੂੰ ਸਮਾਜਿਕ ਸਦਭਾਵਨਾ ਅਤੇ ਬਰਾਬਰ ਮੌਕਿਆਂ ਵੱਲ ਕੰਮ ਕਰਨ ਦੀ ਲੋੜ ਹੈ।ਭਗਤ ਸਿੰਘ ਨੌਜਵਾਨਾਂ ਨੂੰ ਤਬਦੀਲੀ ਦਾ ਏਜੰਟ ਮੰਨਦੇ ਸਨ।ਅੱਜ, ਜਿਵੇਂ ਕਿ ਦੇਸ਼ ਦੇ ਨੌਜਵਾਨ ਵੱਖ-ਵੱਖ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ’ਤੇ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ, ਭਗਤ ਸਿੰਘ ਦੀ ਵਿਚਾਰਧਾਰਾ ਉਨ੍ਹਾਂ ਦਾ ਮਾਰਗਦਰਸ਼ਨ ਕਰ ਸਕਦੀ ਹੈ। ਭਗਤ ਸਿੰਘ ਨੇ ਇੱਕ ਅਜਿਹੀ ਸ਼ਾਸਨ ਪ੍ਰਣਾਲੀ ਦੀ ਕਲਪਨਾ ਕੀਤੀ ਜੋ ਲੋਕਾਂ ਦੀ ਸੇਵਾ ਕਰੇ, ਸਵਾਰਥੀ ਉਦੇਸ਼ਾਂ ਲਈ ਸ਼ਕਤੀ ਦੀ ਦੁਰਵਰਤੋਂ ਨਾ ਕਰੇ। ਅੱਜ ਵੀ, ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਬਣੀ ਹੋਈ ਹੈ।

**ਕੀ ਅਸੀਂ ਉਸਦੇ ਸੁਪਨਿਆਂ ਦਾ ਭਾਰਤ ਸਿਰਜ ਸਕਦੇ ਹਾਂ ?**

ੱਜ, ਜਦੋਂ ਅਸੀਂ ਸਮਾਜਿਕ ਅਸਮਾਨਤਾ, ਭ੍ਰਿਸ਼ਟਾਚਾਰ ਅਤੇ ਫਿਰਕਾਪ੍ਰਸਤੀ ਨਾਲ ਲੜ ਰਹੇ ਹਾਂ, ਭਗਤ ਸਿੰਘ ਦੇ ਵਿਚਾਰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਸੰਗਿਕ ਹਨ।ਉਨ੍ਹਾਂ ਨੇ ਸਿਰਫ਼ ਰਾਜਨੀਤਿਕ ਆਜ਼ਾਦੀ ਦੀ ਹੀ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਸਮਾਨਤਾ ਦੀ ਵੀ ਗੱਲ ਕੀਤੀ। ਭਗਤ ਸਿੰਘ ਸਿਰਫ਼ ਇੱਕ ਨਾਮ ਨਹੀਂ, ਸਗੋਂ ਇੱਕ ਵਿਚਾਰਧਾਰਾ ਹੈ।

ਭਗਤ ਸਿੰਘ ਦਾ ਇਨਕਲਾਬ ਬੰਦੂਕਾਂ ਬਾਰੇ ਨਹੀਂ ਸੀ, ਸਗੋਂ ਵਿਚਾਰਾਂ ਬਾਰੇ ਸੀ। ਉਸਨੇ ਸਾਨੂੰ ਸਿਖਾਇਆ ਕਿ ਅਸਲ ਤਬਦੀਲੀ ਸੰਘਰਸ਼ ਅਤੇ ਕੁਰਬਾਨੀ ਰਾਹੀਂ ਆਉਂਦੀ ਹੈ, ਪਰ ਸਭ ਤੋਂ ਮਹੱਤਵਪੂਰਨ, ਸੋਚਣ ਅਤੇ ਸਵਾਲ ਕਰਨ ਦੀ ਸ਼ਕਤੀ।ਅੱਜ, ਜਿਵੇਂ ਕਿ ਅਸੀਂ ਉਸਦੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਂਦੇ ਹਾਂ, ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਉਸਦੇ ਸੁਪਨਿਆਂ ਦੇ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਈਏ।

ਇਨਕਲਾਬ ਜ਼ਿੰਦਾਬਾਦ!

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
- ਡਾ. ਸਤਿਆਵਾਨ ਸੌਰਭ,
9466526148,01255281381

# ਕੁਦਰਤ ਦੀ ਸਾਕਾਰ : ਕੁੱਲੂ ਘਾਟੀ



ਹਿਮਾਚਲ ਪ੍ਰਦੇਸ਼ ਦਾ ਮਨਮੋਹਣਾ ਇਲਾਕਾ ਹੈ ਕੁੱਲੂ। ਕੁਦਰਤ ਦੀ ਸਾਕਾਰ ਸੁੰਦਰਤਾ ਹੈ ਕੁੱਲੂ ਘਾਟੀ। ਇਥੋਂ ਦੇ ਉਚੇ-ਉਚੇ, ਅਸਮਾਨ ਨੂੰ ਛੂੰਹਦੇ ਸੁੰਦਰ ਰੁੱਖ ਇਸ ਤਰ੍ਹਾਂ ਪ੍ਰਤੀਤ ਹੁੰਦੇ ਹਨ ਜਿਸ ਤਰ੍ਹਾਂ ਇਸ ਧਰਤੀ ਦੇ ਬੁਜ਼ੁਰਗ ਲੋਕ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਦੇ ਰਹੇ ਹੋਣ। ਫਬੀਲੇ ਦਿ ?ਸ਼, ਝਾਂਜਰ ਦੀ ਛਣ-ਛਣ ਕਰਦੇ ਵਹਿੰਦੇ ਝਰਨੇ, ਪਹਾੜੀਆਂ ਨਾਲ ਕਲੋਲ ਕਰਦੀ, ਅਡਖੇਲੀਆਂ ਕਰਦੀ, ਸਰਗੋਸ਼ੀਆਂ ਕਰਦੀ ਦੁੱਧ ਚਿੱਟੀ ਸਫੇਦ ਮਖਮਲੀ ਬਰਫ਼। ਫਲਾਂ ਨਾਲ ਲੱਧੇ ਲੁਭਾਵਣੇਂ, ਸੁਹਾਵਣੇਂ ਬਾਗ਼। ਕਿਸੇ ਗੋਰੀ ਦੀ ਜ਼ੁਲਫ ਵਾਂਗੂ ਵੱਲ ਖਾਂਦੇ ਟੇਢੇ-ਮੇਢੇ ਰਸਤੇ। ਕੁਦਰਤ ਦੇ ਅਨੇਕ ਸੁੰਦਰ ਅਲੰਕਾਰਾਂ ਨਾਲ ਸੱਜੀ ਹੈ ਕੁੱਲੂ ਘਾਟੀ। ਇਹ ਮਨਮੋਹਨ ਇਲਾਕਾ ਸਿਹਤ ਲਈ ਮੁਆਫ਼ਕ ਹੈ। ਸੁੰਦਰ ਦਿ ?ਸ਼ ਅੱਖਾਂ ਲਈ ਵਧੀਆ ਖ਼ੁਰਾਕ। ਸਾਫ਼-ਪਵਿੱਤਰ ਸਿਹਤਪ੍ਰਦਕ ਪਾਣੀ ਅਤੇ ਅਨੇਕ ਪ੍ਰਕਾਰ ਦੀਆਂ ਜੜੀ-ਬੂਟੀਆਂ। ਕੁੱਲੂ ਇਲਾਕੇ ਦੇ ਅਨੇਕਾਂ ਹੀ ਪ੍ਰਾਚੀਨ ਅਧਿਆਤਮਿਕ ਮੰਦਿਰ। ਕੁੱਲੂ ਦੀ ਧਰਤੀ ਨੂੰ ਭਗਵਾਨ ਨੇ ਏਨਾ ਆਕਰਸ਼ਿਕ, ਪ੍ਰਕਿਤੀਪਰਦ ਅਤੇ ਖ਼ੂਬਸੂਰਤੀਪਰਕ ਬਣਾ ਕੇ ਮਾਨਵਤਾ ਨੂੰ ਇਥੇ ਹੀ ਸਵਰਗਭੂਮੀ ਦੇ ਦਰਸ਼ਨ ਕਰਵਾ ਦਿੱਤੇ ਹਨ।

ਪਠਾਨਕੋਟ , ਪੰਜਾਬ ਤੋਂ ਲਗਭਗ 280 ਕਿਲੋਮੀਟਰ ਦੂਰੀ 'ਤੇ ਸਥਿਤ ਹੈ ਕੁੱਲੂ। ਇਸ ਦੀ ਉਚਾਈ ਹੈ ਲਗਭਗ 1220 ਮੀਟਰ। ਕੁੱਲੂ ਸ਼ਬਦ ਕੁਲੂਤ ਤੋਂ ਬਣਿਆ। ਦੱਸਿਆ ਜਾਂਦਾ ਹੈ ਕਿ ਕੁਲੂਤ ਇਕ ਪ੍ਰਾਚੀਨ ਜਾਤੀ ਸੀ, ਬਿਆਸ ਦਰਿਆ ਦੇ ਨਾਲ ਉਪ ਘਾਟੀ ਵਿਚ ਰਹਿੰਦੇ ਸੀ। ਅਰਜੁਨ ਨਾਲ ਕੁਲੂਤ ਰਾਜੇ ਦਾ ਯੁੱਧ ਹੋਇਆ ਸੀ। ਇਸ ਜਾਤੀ ਦਾ ਰਾਜਾ ਕਸ਼ੇਮ ਧ੍ਰੁਤੀ, ਮਹਾਂਭਾਰਤ ਦੀ ਲੜਾਈ ਵਿਚ ਮਾਰਿਆ ਗਿਆ ਸੀ। ਕੂਲੁਤ ਤੋਂ ਕੁੱਲੂ ਸ਼ਬਦ ਦੀ ਉਤਪਤੀ ਹੋਈ।

ਦਸਿਆ ਜਾਂਦਾ ਹੈ ਕਿ ਇਥੇ ਪਾਲ ਵੰਸ਼ ਦੇ 85 ਰਾਜਾਂ ਹੋਏ ਹਨ। ਇਨ੍ਹਾਂ ਦੇ ਬਾਦ 16 ਸਿੰਘ ਵੰਸ਼ ਦੇ ਰਾਜਿਆਂ ਨੇ ਰਾਜ ਕੀਤਾ। ਅੰਤਿਮ ਰਾਜਾ ਜੀਤ ਸਿੰਘ ਹੋਏ, ਜਿਸ ਦੇ ਰਾਜ ਨੂੰ 1840 ਈ. ਵਿਚ ਸਿੱਖਾਂ ਨੇ ਖੋਹ ਲਿਆ।

1963 ਵਿਚ ਕੁੱਲੂ ਨੂੰ ਜਿਲ੍ਹਾ ਬਣਾ ਦਿੱਤਾ ਗਿਆ। ਅਕਤੂਬਰ 1966 ਨੂੰ ਕੁੱਲੂ ਪੰਜਾਬ ਦਾ ਹਿੱਸਾ ਸੀ ਪਰ ਨਵੰਬਰ 1966 ਨੂੰ ਰਾਜਪੁਨਰ ਗਠਨ ਹੋਣ ਕਰਕੇ ਕੁੱਲੂ ਹਿਮਾਚਲ ਪ੍ਰਦੇਸ਼ ਵਿਚ ਸ਼ਾਮਿਲ ਹੋ ਗਿਆ।

ਕੁੱਲੂ ਘਾਟੀ ਲਗਭਗ 50 ਮੀਲ ਲੰਬੀ ਹੈ। ਇਲਾਕਾ ਖੇਤਰਫਲ 5503 ਵਰਗ ਕਿ.ਮੀ. ਹੈ।

ਬਿਆਸ ਰਿਸ਼ੀ ਝੀਲ ਜੋ 3978 ਮੀਟਰ ਦੀ ਉਚਾਈ ਤੋਂ ਵਹਿੰਦੀ ਹੋਈ ਕੁੱਲੂ ਵਿਚ ਪ੍ਰਵੇਸ਼ ਕਰਦੀ ਹੈ। ਇਹ ਬਿਆਸ ਨਦੀ 8 ਕਿੱਲੋਮੀਟਰ ਦੂਰ ਉਚੇ ਪਹਾੜੀਏ ਇਲਾਕੇ ਰੋਹਤਾਰਾਂ ਤੋਂ ਨਿਕਲਦੀ ਹੈ।

ਇਥੋਂ ਦੇ ਲੋਕ ਮੰਦਿਰਾਂ ਦੀ ਸ਼ਰਧਾ ਨਾਲ ਤਨ-ਮਨ-ਤਨ ਨਾਲ ਜੁੜੇ ਹੋਏ ਹਨ। ਹਰ ਪਿੰਡ ਵਿਚ ਲਗਦਾ ਹੈ। ਸਲਾਨਾ ਮੇਲਿਆਂ ਵਿਚ ਲੋਕ ਧੂਮ-ਧਾਮ ਤੇ ਸ਼ਰਧਾ ਨਾਲ ਇਕੱਠੇ ਹੁੰਦੇ ਹਨ। ਸੋਹਣੇ ਕੱਪੜੇ, ਹਾਰ ਸ਼ਿੰਗਾਰ, ਫੁੱਲਾਂ ਨਾਲ ਲੱਧੇ ਲੋਕ ਮੇਲਿਆਂ ਵਿਚ ਆਉਂਦੇ ਹਨ। ਸ਼ਿੰਗਾਰ ਨਾਲ ਸੱਜੀਆਂ ਔਰਤਾਂ ਮੇਲਿਆਂ ਦੀ ਪ੍ਰਤਿਸ਼ਠਾ ਨੂੰ ਚਾਰ-ਚੰਨ ਲਾਉਂਦੀਆਂ ਹਨ। ਪੁੱਤਰ ਦਾ ਜਨਮ, ਚੰਗੀਆਂ ਫਸਲਾਂ, ਕੋਈ ਸ਼ੁਭਕਾਰਜ ਹੋਵੇ ਲੋਕ ਸਭ ਤੋਂ ਪਹਿਲਾਂ ਮੰਦਿਰ ਵਿਚ ਅਰਚਨਾ-ਪੂਜਾ ਕਰਦੇ ਹਨ। ਮੱਥਾ ਟੇਕ ਕੇ ਆਨੰਦ ਵਿਭੋਰ ਹੁੰਦੇ ਹਨ। ਦੇਵੀ-ਦੇਵਤਿਆਂ ਦੇ ਅਣਗਣਿਤ ਮੰਦਿਰਾਂ ਦਾ ਸੰਗ੍ਰਹਿ ਹੀ ਤਾਂ ਕੁੱਲੂ ਨੇ ਦੇਵ ਭੂਮੀ ਦਾ ਦਰਜ਼ਾ ਦਿਵਾਂਦਾ ਹੈ। ਇਥੋਂ ਦੇ ਲੋਕ ਮਿੱਠੇ ਸੁਭਾਅ ਦੇ ਅਤੇ ਖੇਚਲ ਭਰਪੂਰ ਜਜਮਾਨ ਹੁੰਦੇ ਹਨ। ਲੋਕ ਖੇਤੀ ਅਤੇ ਬਾਗਬਾਨੀ ਕਰਦੇ ਹਨ ਪਰ ਵਰਤਮਾਨ ਸਥਿਤੀ ਵਿਚ ਕੁੱਲੂ ਇਲਾਕੇ ਨੇ ਬਹੁਤ ਤਰੱਕੀ ਕੀਤੀ ਹੈ। ਜੋ ਫਲ ਵਿਉਪਾਰ, ਉਦਯੋਗ, ਖੁੱਲੀਆਂ-ਚੌੜੀਆਂ ਸੜਕਾਂ ਦਾ ਨਿਰਮਾਣ ਥਾਂ-ਥਾਂ 'ਤੇ ਪਾਣੀ ਦਾ ਸਹੀ ਪ੍ਰਬੰਧ, ਚੰਗੀਆਂ ਦੁਕਾਨਾਂ, ਫਲਾਂ ਦਾ ਵਧਦਾ ਕਾਰੋਬਾਰ, ਮੱਛੀ ਦਾ ਵੱਡਾ ਕਾਰੋਬਾਰ ਅਤੇ ਕੁੱਲੂ ਦੀ ਉਪਜਾਊ ਭੂਮੀ ਵਿਚ ਮੱਕੀ, ਆਲੂ, ਦਾਲਾਂ, ਕਣਕ, ਝੋਨਾ ਸੇਬ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਵਿੰਦਰ ਬਾਲਮ ਗੁਰਦਾਸਪੁਰ
ਮੋ. 98156-25409

(ਵਿਦੇਸ਼ਾਂ ਤਕ ਵਿਉਪਾਰ), ਪਲਮ, ਅਖਰੋਟ, ਖ਼ੁਰਬਾਨੀ, ਬਦਾਮ, ਟਮਾਟਰ, ਮਟਰ, ਸ਼ਿਮਲਾ ਮਿਰਚ, ਗਾਜ਼ਰ, ਮੂਲੀ, ਗੋਭੀ, ਫੁੱਲ ਭਿੰਡੀ ਆਦਿ ਫਸਲਾਂ ਹੁੰਦੀਆਂ ਹਨ।

ਕੁੱਲੂ ਇਲਾਕੇ ਦੀਆਂ ਸਬਜ਼ੀਆਂ, ਫਲ ਆਦਿ ਸਾਰੇ ਭਾਰਤ ਵਿਚ ਹੀ ਜਾਂਦੇ ਹਨ। ਵਿਸ਼ੇਸ ਤੌਰ 'ਤੇ ਗੋਭੀ, ਗਾਜ਼ਰ, ਸ਼ਿਮਲਾ ਮਿਰਚ ਆਦਿ ਪੰਜਾਬ, ਹਰਿਆਣਾ, ਦਿੱਲੀ (ਨਾਰਥ ਦੋਨੋਂ) ਵਿਚ ਜਾਂਦੀਆਂ ਹਨ।

ਇਥੋਂ ਦੇ ਜੰਗਲਾਂ ਵਿਚ ਰ ਤੋਸ਼, ਚੀੜ, ਕਾਈਲ, ਦੇਵਦਾਰ, ਚਿਨਾਰ, ਅਖਰੋਟ ਆਦਿ ਪਾਏ ਜਾਂਦੇ ਹਨ। ਇਹ ਰੁੱਖ ਕੁੱਲੂ ਦੀ ਸ਼ਾਦਾਰ ਖ਼ੂਬਸੂਰਤੀ ਨੂੰ ਵਧਾ ਕੇ ਇਸ ਦੀ ਮਾਨ-ਮਰਿਆਦਾ ਵਿਚ ਵਾਧਾ ਕਰਦੇ ਹਨ। ਇਹ ਰੁੱਖ ਕੁੱਲੂ ਦੀ ਜ਼ਿੰਦ-ਜਾਨ ਹਨ ਜਿਨ੍ਹਾਂ ਨਾਲ ਸਾਹ ਲੈਣ ਦਾ ਮਜ਼ਾ ਆ ਜਾਂਦਾ ਹੈ।

ਕੁੱਲੂ ਦੇ ਪੁਰਾਤਨ ਪਹਿਰਾਵੇ ਚੋਲਾ, ਡੋਰਾ, ਸੁਥਣ, ਸਿਰ ਤੇ ਟੋਪਾ, ਚਾਰ ਤਹਿ ਕੀਤਾ ਪੱਟੂ, ਹਨ, ਨਵੀਂ ਪੀੜੀ ਤਾਂ ਆਧੁਨਿਕ ਪਹਿਰਾਵੇ ਨਾਲ ਜੁੜਦੀ ਜਾ ਰਹੀ ਹੈ। ਔਰਤਾਂ ਆਪਣੇ ਕਪੜਿਆਂ ਉਪਰ ਘੱਟੂ ਬੰਨਦੀਆਂ ਹਲ। ਸਿਰ ਤੇ ਤਿਹਡਾ ਰੁਮਾਲ ਬੰਨਦੀਆਂ ਹਨ। ਫਿਰ ਵੀ ਕੁਰਤਾ, ਪਜਾਮਾ ਦੇ ਉਪਰ ਜੈਕਟ ਦਾ ਅਪਣਾ ਹੀ ਮਜ਼ਾ ਹੈ।

ਔਰਤਾਂ ਕਈ ਤਰ੍ਹਾਂ ਦੇ ਗਹਿਣੇ ਪਹਿਨਦੀਆਂ ਹਨ ਜਿਸ ਤਰ੍ਹਾਂ ਬੂਮਨੀ, ਟੋਕਾ, ਕਾਗਨੂ, ਮਰੀਤੜੀ, ਬਿੱਛਣਾ, ਮੁੰਦੜੀ, ਗੁੱਠੀ, ਚੰਦਰਹਾਰ, ਜੈ ਮਾਲਾ, ਸਿੱਕਾ ਮਾਲ, ਚਸਪਾਕਲੀ, ਡਮਕੂ, ਲੌਂਗ, ਕੁਮਸ਼ੀ, ਬਾਲੂ, ਟਿੱਕਾ, ਤੁਨਕੀ, ਤੋੜਾ, ਨਾਵੀ, ਡਿੰਢੂ, ਬਾਲੀ, ਖੁੰਡੀ ਆਦਿ ਗਹਿਣੇ ਪਾਉਂਦੀਆਂ ਹਨ।

ਹਿਮਾਚਲੀ ਪਹਿਰਾਵੇ ਦੀ ਅਲੱਗ ਹੀ ਪਹਿਚਾਣ ਹੈ। ਇਥੇ ਦੇ ਨਿਤ (ਡਾਂਸ) ਮਸ਼ਹੂਰ ਹਨ। ਲੋਕ ਵਾਦ-ਸ਼ਹਿਨਾਈ, ਥਾਲੀ, ਰਣਸ਼ਰਿੰਗਾ, ਢੋਲ, ਨਗਾਰਾ ਆਦਿ ਹਨ। ਲੋਕ ਗੀਤ ਮਨ ਨੂੰ ਛੂਹਦੇ ਹਨ, ਜਿਨ੍ਹਾਂ ਵਿਚ ਹਿਮਾਚਲ ਸਭਿਆਰਚ ਦੀ ਖ਼ੂਬਸੂਰਤੀ ਹੁੰਦੀ ਹੈ। ਇਥੋਂ ਦੇ ਪਹਾੜਾਂ 'ਤੇ ਚੜ੍ਹਣਾ, ਸਕੀਈਂਗ, ਹਾਈਕਿੰਗ, ਟਰੈਕਿੰਗ, ਬਰਫਦੀਆਂ ਖੇਡਾਂ (ਅੰਤਰ ਰਾਸ਼ਟਰੀ ਪ੍ਰਸਿੱਧੀ ਹਾਸਿਲ), ਕਸ਼ਤੀ ਚਲਾਣਾ, ਪੈਰਾਗਲਾਈਡਿੰਗ, ਰੈਂਗ- ਰਲਾਈਡਿੰਗ ਆਦਿ ਮਸ਼ਹੂਰ ਹਨ। ਕੁੱਲੂ ਦੇ ਸ਼ਾਲ, ਮਫਲਰ, ਟੋਪੀ, ਟੋਕਰੀਆਂ (ਬਾਂਸ ਦੀਆਂ ਬਣੀਆਂ ਚੀਜ਼ਾਂ), ਰੱਸੀ ਦੀਆਂ ਜੁੱਤੀਆਂ, ਜੈਕਟ, ਹਿਮਾਚਲੀ ਪਹਿਰਾਵਾ ਆਦਿ ਅੰਤਰ-ਰਾਸ਼ਟਰੀ ਪੱਧਰ ਤਕ ਮਸ਼ਹੂਰ ਹਨ। ਇਥੋਂ ਦੇ ਉਘੇ ਵਪਾਰੀ ਅਤੇ ਪ੍ਰਧਾਨ ਸ੍ਰੀ ਰਾਮ ਸਿੰਘ ਨੇ ਦੱਸਿਆ ਕਿ ਕੁੱਲੂ ਸ਼ਾਲ ਦੇ ਜਨਮ ਦਾਤਾ ਹਨ ਸ੍ਰੀ ਸ਼ੇਰੂ ਰਾਮ ਜੀ ਅਤੇ ਕੁਲੂ ਟੋਪੀ ਦੇ ਜਨਮ ਦਾਤਾ ਹਨ, ਸ੍ਰੀ ਹਰੀ ਰਾਮ ਜੀ। ਕੁੱਲੂ ਦਾ ਦੁਸ਼ਹਿਰਾ ਦੁਨੀਆਂ ਵਿਚ ਮਸ਼ਹੂਰ ਹੈ। ਸੈਲਾਨੀਆਂ ਲਈ ਕੁੱਲੂ ਦੀ ਸੈਰ, ਕੁੱਲੂ ਦਾ ਵੇਖਣਾ ਅਨੰਦ ਮਈ ਹੈ। ਗਰਮੀ ਹੈ ਜਾਂ ਸਰਦੀ ਕੁੱਲੂ, ਕੁੱਲੂ ਹੀ ਹੈ

# ਗਲੋਬਲ ਵਾਰਮਿੰਗ ਕਾਰਨ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋਣ ਜਾ ਰਿਹਾ ਪਹਿਲਾ ਦੇਸ਼

ਟੁਵਾਲੂਨਾਮਕ ਦੇਸ਼ ਗਲੋਬਲ ਵਾਰਮਿੰਗ ਕਾਰਨ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋਣ ਜਾ ਰਿਹਾ ਹੈ। ਇਹ ਦੇਸ਼ ਪ੍ਰਸ਼ਾਂਤ ਮਹਾਸਾਗਰ ਵਿੱਚ ਦੂਰ ਦੁਰੇਢੇ ਸਥਿੱਤ ਹੈ ਤੇ ਇਸ ਦਾ ਸਭ ਤੋਂ ਨਜ਼ਦੀਕੀ ਗੁਆਂਢੀ ਆਸਟਰੇਲੀਆ ਵੀ ਇਸ ਤੋਂ 3970 ਕਿ.ਮੀ. ਦੂਰ ਹੈ। ਇਸ ਵੇਲੇ ਇਸ ਦਾ ਪ੍ਰਧਾਨ ਮੰਤਰੀ ਫੈਲੇਟੀ ਟੀਉ ਹੈ ਤੇ ਇਸ ਦੀ ਰਾਜਧਾਨੀ ਦਾ ਨਾਮ ਫੁਨਾਫੂਟੀ ਹੈ ਜੋ ਸਭ ਤੋਂ ਵੱਡੇ ਟਾਪੂਫੁਨਾਫੂਟੇ ਵਿਖੇ ਸਥਿੱਤ ਹੈ।ਵੈਟੀਕਨ ਸਿਟੀ, ਮੋਨਾਕੋ ਤੇ ਨਾਉਰੂ ਤੋਂ ਬਾਅਦ ਇਹ ਦੁਨੀਆਂ ਦਾ ਚੌਥਾ ਸਭ ਤੋਂ ਛੋਟਾ ਦੇਸ਼ ਹੈ। 9 ਛੋਟੇ ਛੋਟੇ ਜਵਾਲਾਮੁਖੀ ਟਾਪੂਆਂ ਨੂੰ ਮਿਲਾ ਕੇ ਸਿਰਫ 26 ਵਰਗ ਕਿ.ਮੀ. ਵਿੱਚ ਸਥਿੱਤ ਇਸ ਦੇਸ਼ ਦੀ ਕੁੱਲ ਅਬਾਦੀ 11000 ਦੇ ਕਰੀਬ ਹੈ। ਛੋਟਾ ਜਿਹਾ ਇਹ ਦੇਸ਼ ਸੰਸਾਰ ਦੇ ਭਵਿੱਖ ਵਾਸਤੇ ਇੱਕ ਭਿਆਨਕ ਮਿਸਾਲ ਬਣਨ ਜਾ ਰਿਹਾ ਹੈ। ਜਵਾਲਾਮੁਖੀ ਟਾਪੂਆਂ ਦੀ ਇੱਕ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਜਿਆਦਾ ਉੱਚੇ ਨਹੀਂ ਹੁੰਦੇ। ਇਸ ਕਾਰਨ ਟੁਵਾਲੂ ਦਾ ਸਭ ਤੋਂ ਉਚੇਰਾ ਸਥਾਨ ਸਮੁੰਦਰ ਤਲ ਤੋਂ ਸਿਰਫ 4.5 ਮੀਟਰ ਉੱਚਾ ਹੈ ਤੇ ਔਸਤ ਉਚਾਈ 2 ਮੀਟਰ ਹੈ। ਵੈਸੇ ਤਾਂ ਸਾਰੀ ਦੁਨੀਆਂ ਹੀ ਆਪਣੇ ਹੱਥੀਂ ਪੈਦਾ ਕੀਤੀ ਗਈ ਇਸ ਮੁਸੀਬਤ ਦਾ ਸ਼ਿਕਾਰ ਬਣਨ ਜਾ ਰਹੀ ਹੈ ਪਰ ਟੁਵਾਲੂ ਦਾ ਨੰਬਰ ਸਭ ਤੋਂ ਪਹਿਲਾਂ ਲੱਗਣ ਜਾ ਰਿਹਾ ਹੈ।ਟੁਵਾਲੂ ਦੀ ਸਮੁੰਦਰ ਤੋਂ ਘੱਟ ਉੱਚਾਈ ਹੋਣ ਕਾਰਨਜਦੋਂ ਵੀ ਕੋਈ ਵੱਡੀ ਲਹਿਰ ਜਾਂ ਤੂਫਾਨ ਆਉਂਦਾ ਹੈ ਤਾਂ ਸਾਰਾ ਦੇਸ਼ ਕੁਝ ਦੇਰ ਲਈ ਜਲਮਘਨ ਹੋ ਜਾਂਦਾ ਹੈ।ਇਸ ਕਾਰਨ ਇਥੇ ਇਮਾਰਤਾਂ 7 - 8 ਫੁੱਟ ਉੱਚੇ ਥੜਿ ਆਂ 'ਤੇ ਬਣਾਈਆਂ ਜਾਂਦੀਆਂ ਹਨ। ਟੁਵਾਲੂ ਦਾ ਮੁੱਖ ਟਾਪੂ ਫੁਨਾਫੂਟੇ ਸੱਪ ਵਰਗਾ ਲੰਬਾ ਦੀਪ ਹੈਜਿਸ ਦੀ ਚੌੜਾਈ ਬਹੁਤ ਹੀ ਘੱਟ ਹੈ ਤੇ ਇਸ ਦੀ ਅੱਧੀ ਜਗ ?ਹਾ 'ਤੇ ਤਾਂ ਸਿਰਫ ਏਅਰਪੋਰਟ ਹੀ ਬਣਿਆ ਹੋਇਆ ਹੈ।



ਦੁਨੀਆਂ ਵਿੱਚ ਕੋਲਾ, ਡੀਜ਼ਲ ਅਤੇ ਪੈਟਰੋਲ ਆਦਿ ਦੀ ਹੋ ਰਹੀ ਬੇਤਹਾਸ਼ਾ ਵਰਤੋਂ ਕਾਰਨ ਕਾਰਬਨ ਡਾਇਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਆਦਿ ਵਰਗੀਆਂ ਗਰੀਨ ਹਾਊਸ ਗੈਸਾਂ ਦਾ ਲੱਖਾਂ ਟਨ ਉਤਪਾਦਨ ਰੋਜ਼ਾਨਾ ਹੋ ਰਿਹਾ ਹੈ ਜਿਸ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇਸ ਦੇ ਫਲਸਵਰੂਪ ਉੱਤਰੀ ਅਤੇ ਦੱਖਣੀ ਧਰੁਵ ਦੀ ਬਰਫ ਤੇਜੀ ਨਾਲ ਪਿਘਲ ਰਹੀ ਹੈ ਤੇ ਮਹਾਸਾਗਰਾਂ ਦਾ ਪੱਧਰ ਵਧ ਰਿਹਾ ਹੈ।ਟੁਵਾਲੂ ਦੀ ਇਹ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਅਜਿਹੇ ਖਿੱਤੇ ਵਿੱਚ ਸਥਿੱਤ ਹੈ ਜਿੱਥੇ ਸਮੁੰਦਰ ਦਾ ਤਲ ਬਾਕੀ ਸਾਰੀ ਦੁਨੀਆਂ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ। ਅਮਰੀਕੀ ਸਪੇਸ ਏਜੰਸੀ ਨਾਸਾ ਨੇ ਕਈ ਸਾਲਾਂ ਦੀ ਰਿਸਰਚ ਤੋਂ ਬਾਅਦ ਇੱਕ ਰਿਪੋਰਟ ਜਾਰੀ ਕੀਤੀ ਹੈ ਕਿ 2003 ਤੋਂ ਲੈ ਕੇ 2023 ਤੱਕ ਦੇ 30 ਸਾਲਾਂ ਵਿੱਚ ਟੁਵਾਲੂ ਨੇੜੇ ਸਮੁੰਦਰ ਦਾ ਪੱਧਰ 30 ਸੈਂਟੀਮੀਟਰ ਵਧ ਗਿਆਸੀ ਜੋ ਗਲੋਬਲ ਐਵਰੇਜ਼ ਤੋਂ 1.5 ਗੁਣਾ ਵੱਧ ਹੈ। ਨਾਸਾ ਨੇ ਆਪਣੀ ਰਿਪੋਰਟ ਵਿੱਚ ਇੰਕਸ਼ਾਫ ਕੀਤਾ ਹੈ ਕਿ 2050 ਤੱਕ ਟੁਆਲੂ ਦੁਆਲੇ ਪਾਣੀ 60 ਸੈਂਟੀਮੀਟਰ ਤੇ ਸੰਨ 2100 ਤੱਕ 1.60 ਮੀਟਰ ਉੱਚਾ ਹੋ ਜਾਵੇਗਾ। ਇਸ ਕਾਰਨ ਹੜ੍ਹਾਂ ਦੀ ਗਿਣਤੀ ਵੀ ਬੇਤਹਾਸ਼ਾ ਵਧ ਜਾਵੇਗੀ। ਹੁਣ ਇਥੇ ਇੱਕ ਸਾਲ ਵਿੱਚ ਸਿਰਫ ਪੰਜ ਛੇ ਵਾਰ ਪਾਣੀ ਚੜ੍ਹਦਾ ਹੈ ਪਰ 2050 ਤੱਕ 25 - 30 ਵਾਰ ਤੇ 2100 ਤੱਕ ਸਾਲ ਵਿੱਚ 100 ਤੋਂ ਵੱਧ ਵਾਰ ਹੜ੍ਹ ਆਉਣ ਲੱਗ ਪੈਣਗੇ। ਨਾਸਾ ਦਾ ਕਹਿਣਾ ਹੈ ਕਿ ਜੇ ਗਲੋਬਲ ਵਾਰਮਿੰਗ ਇਸੇ ਤਰਾਂ ਚੱਲਦੀ ਰਹੀ ਤਾਂ 2050 ਤੱਕ ਟੁਆਲੂ ਦਾ ਜਿਆਦਾਤਰ ਹਿੱਸਾ ਡੁੱਬ ਜਾਵੇਗਾ ਤੇ ਇਸ ਦਾ ਮੁੱਖ ਟਾਪੂ ਫੂਨਾਫੂਟੇ ਅੱਧਾ ਗਾਇਬ ਹੋ ਜਾਵੇਗਾ। ਸੰਨ 2100 ਤੱਕ ਸਾਰੀ ਖੇਡ ਖਤਮ ਹੋ ਜਾਵੇਗੀ ਤੇ 95% ਦੇਸ਼ ਪਾਣੀ ਹੇਠ ਡੁੱਬ ਜਾਵੇਗਾ।

ਜੇ ਭਾਰਤ ਜਾਂ ਕਿਸੇ ਹੋਰ ਵੱਡੇ ਦੇਸ਼ ਵਿੱਚ ਅਜਿਹੀ ਸਮੱਸਿਆ ਆਵੇ ਤਾਂ ਅਰਾਮ ਨਾਲ ਪੀੜਤਾਂ ਨੂੰ ਥੋੜ੍ਹੀ ਉੱਚੀ ਜਗ ?ਹਾ 'ਤੇ ਵਸਾਇਆ ਜਾ ਸਕਦਾ ਹੈ। ਪਰ ਟੂਵਾਲੂ ਵਿਖੇ ਅਜਿਹਾ ਨਹੀਂ ਹੋ ਸਕਦਾ ਕਿਉਂਕਿ ਇਹ ਸਮਤਲ ਧਰਤੀ ਹੈ ਤੇ ਕੋਈ ਪਹਾੜ ਨਹੀਂ ਹੈ। ਇਸ ਦਾ ਇੱਕੋ ਇੱਕ ਹੱਲ ਹੈ ਕਿ ਇਨਸਾਨੀ ਦਖਲਅੰਦਾਜ਼ੀ ਨਾਲ ਇਸ ਦਾ ਭੂਗੋਲ ਦੁਬਈ ਵਾਂਗ ਬਦਲ ਦਿੱਤਾ ਜਾਵੇ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਜਿਸ ਨੇ ਸਮੁੰਦਰ ਵਿੱਚ ਭਰਤੀ ਪਾ ਕੇ ਪਾਮ ਅਤੇ ਵਰਲਡ ਟਾਪੂਆਂ ਵਰਗੇ ਅਜੂਬੇ ਤਿਆਰ ਕੀਤੇ ਹਨ। ਪਰ ਇਹ ਕੰਮ ਕਰਨ ਵਿੱਚ ਸਭ ਤੋਂ ਵੱਡੀ ਮੁਸ਼ਕਿਲ ਹੈ ਪੈਸਾ। ਜਿਵੇਂ ਉੱਪਰ ਦੱਸਿਆ ਗਿਆ ਕਿ ਇਸ ਦੀ ਕੁੱਲ ਅਬਾਦੀ ਕਰੀਬ 11000 ਹੈ ਤੇ ਇਸ ਕੋਲ ਦੁਬਈ ਵਰਗੇ ਪੈਟਰੋ ਡਾਲਰ ਨਹੀਂ ਹਨ। ਇਸ ਦੀ ਆਮਦਨ ਦਾ ਸਾਧਨ ਥੋੜ੍ਹੀ ਬਹੁਤੀ ਮਾਹੀਗਿਰੀ ਅਤੇ ਅਮੀਰ ਦੇਸ਼ਾਂ ਵੱਲੋਂ ਦਿੱਤੀ ਜਾ ਰਹੀ ਆਰਥਿਕ ਮਦਦ ਹੈ। ਸਭ ਤੋਂ ਵੱਧ ਆਰਥਿਕ ਮਦਦ ਇੰਗਲੈਂਡ (ਜਿਸ ਦੀ ਇਹ ਕਲੋਨੀ ਰਿਹਾ ਹੈ, ਅਜ਼ਾਦੀ 1 ਅਕਤੂਬਰ 1978), ਨਿਊਜ਼ੀਲੈਂਡ ਤੇ ਆਸਟਰੇਲੀਆ ਵੱਲੋਂ ਕੀਤੀ ਜਾ ਰਹੀ ਹੈ।ਗਰੀਬੀ ਦੇ ਬਾਵਜੂਦ ਵੀ ਟੁਵਾਲੂ ਦੇ ਲੋਕ ਸਮੁੰਦਰ ਕੋਲੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਟਾਪੂ ਜਵਾਲਾਮੁਖੀ ਫਟਣ ਨਾਲ ਬਣੇ ਸਨ ਜਿਸ ਕਾਰਨ ਇਨ੍ਹਾਂ ਦੇ ਆਲ ਦੁਆਲੇ ਸਮੁੰਦਰ ਕੋਈ ਬਹੁਤਾ ਡੂੰਘਾ ਨਹੀਂ ਹੈ। ਸਰਕਾਰ ਵੱਡੀਆਂ ਕਰੇਨਾਂ ਅਤੇ ਬੁਲਡੋਜ਼ਰਾਂ ਅਦਿ ਦੀ ਸਹਾਇਤਾ ਨਾਲ ਉਥੋਂ ਰੇਤ ਕੱਢ ਕੇ ਮੁੱਖ ਟਾਪੂ ਨੂੰ ਉੱਚਾ ਕਰ ਕੇ ਨਵੀਂ ਧਰਤੀ ਬਣਾ ਰਹੀ ਹੈ।2024 ਤੱਕ ਕਰੀਬ 20 - 22 ਏਕੜ ਨਵੀਂ ਧਰਤੀ ਬਣ ਚੁੱਕੀ ਹੈ।

ਇਸ ਤੋਂ ਇਲਾਵਾ ਟੁਵਾਲੂ ਸਰਕਾਰ ਪਾਣੀ ਨੂੰ ਰੋਕਣ ਵਾਸਤੇ ਟਾਪੂ ਦੇ ਸਾਰੇ ਪਾਸੇ ਵੱਡੇ ਵੱਡੇ ਬੈਰੀਅਰ ਅਤੇ ਕੰਕਰੀਟ ਦੀਆਂ ਉੱਚੀਆਂ ਦੀਵਾਰਾਂ ਬਣਾ ਰਹੀ ਹੈ। ਹੁਣ ਤੱਕ 1400 ਮੀਟਰ ਦੇ ਕਰੀਬ ਬੈਰੀਅਰ ਤੇ 200 ਮੀਟਰ ਦੇਕਰੀਬ ਦੀਵਾਰ ਤਿਆਰ ਹੋ ਚੁੱਕੀ ਹੈ ਤੇ ਜਨਤਾ ਦਾ ਪੇਟ ਭਰਨ ਲਈ ਖਾਰੇ ਪਾਣੀ ਨੂੰਝੱਲ ਸਕਣ ਯੋਗ ਫਸਲਾਂ ਉਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਪਰਲੋ ਆਉਣ ਦੀ ਸਥਿੱਤੀ ਵਿੱਚ ਸਾਰੀ ਦੀ ਸਾਰੀ ਅਬਾਦੀ ਨੂੰ ਹੋਰ ਕਿਤੇ ਲਿਜਾਉਣ ਲਈ ਪਲਾਨ ਬੀ 'ਤੇ ਵੀ ਕੰਮ ਹੋ ਰਿਹਾ ਹੈ। 2021 ਵਿੱਚਟੁਵਾਲੂ ਨੇ ਆਸਟਰੇਲੀਆ ਨਾਲ ਇੱਕ ਸੰਧੀ ਕੀਤੀ ਸੀ ਜਿਸ ਅਧੀਨ ਆਸਟਰੇਲੀਆ ਹਰ ਸਾਲ 280 ਟੂਵਾਲੂਅਨਾਂ ਨੂੰ ਆਪਣੀ ਨਾਗਰਿਕਤਾ ਦੇਵੇਗਾ। ਇਸ ਤਰਾਂ 40 ਸਾਲਾਂ ਵਿੱਚ ਟੁਵਾਲੂ ਦੀ ਸਾਰੀ ਅਬਾਦੀ ਆਸਟਰੇਲੀਆ ਸ਼ਿਫਟ ਹੋ ਜਾਵੇਗੀ। ਇਨ੍ਹਾਂ ਨੂੰ ਆਸਟਰੇਲੀਆ ਦੇ ਬਾਕੀ ਨਾਗਰਿਕਾਂ ਵਾਂਗ ਹਰ ਸਹੂਲਤ ਮਿਲੇਗੀ ਪਰ ਉਹ ਇਲੈਕਸ਼ਨ ਵਿੱਚ ਵੋਟ ਨਹੀਂ ਪਾ ਸਕਣਗੇ। ਉਨ੍ਹਾਂ ਦੇ ਆਸਟਰੇਲੀਆ ਵਿੱਚ ਪੈਦਾ ਹੋਣ ਵਾਲੇ ਬੱਚਿਆਂ ਕੋਲ ਇਹ ਅਧਿਕਾਰ ਹੋਵੇਗਾ। ਟੂਵਾਲੂ ਦੇ ਸਾਰੇ ਨਾਗਰਿਕਾਂ ਨੂੰ ਆਸਟਰੇਲੀਆ ਨੇ ਇੱਕ ਖਾਸ ਵੀਜ਼ਾ ਜਾਰੀ ਕਰ ਦਿੱਤਾ ਹੈ ਜਿਸ ਨੂੰ ਵਾਤਾਵਰਣ ਵੀਜ਼ਾ (ਕਲਾਈਮੇਟ ਵੀਜ਼ਾ) ਦਾ ਨਾਮ ਦਿੱਤਾ ਹੈ। ਅਜਿਹਾ ਵੀਜ਼ਾ ਸੰਸਾਰ ਵਿੱਚ ਪਹਿਲੀ ਵਾਰ ਜਾਰੀ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਜਿਵੇਂ ਸਾਡੇ ਬੱਚੇ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ, ਉਸੇ ਤਰਾਂ ਇਥੋਂ ਦੇ ਬੱਚੇ ਧੜਾ ਧੜ ਨਿਊਜ਼ੀਲੈਂਡ ਤੇ ਆਸਟਰੇਲੀਆ ਜਾ ਰਹੇ ਹਨ। ਹਰ ਸਾਲ 4% ਦੇ ਕਰੀਬ ਅਬਾਦੀ ਇਨ੍ਹਾਂ ਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਇਸ ਲਈ ਫਿਲਹਾਲ ਇਸ ਦੇਸ਼ ਦੀ ਅਬਾਦੀ ਨੂੰ ਕਿਸੇ ਤਰਾਂ ਦਾ ਜਾਨ ਮਾਲ ਦਾ ਕੋਈ ਖਤਰਾ ਨਹੀਂ ਹੈ। ਪਰ ਗਲੋਬਲ ਵਾਰਮਿੰਗ ਸਿਰਫ ਟੁਵਾਲੂਨੂੰ ਹੀ ਨਹੀਂ, ਬਲਕਿ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰ ਰਹੀ ਹੈ। ਟੁਵਾਲੂ ਤੋਂ ਬਾਅਦ ਨਾਉਰੂ, ਕਿਰੀਬਾਟੀ, ਮਾਰਸ਼ਲ ਆਈਲੈਂਡਜ਼ ਆਦਿ ਵਾਰਗੇ ਟਾਪੂ ਦੇਸ਼ ਵੀ ਹਮੇਸ਼ਾਂ ਲਈ ਖਤਮ ਹੋਣ ਵਾਈ ਲਾਈਨ ਵਿੱਚ ਲੱਗੇ ਹੋਏ ਹਨ। ਸਿਤਮ ਦੀ ਗੱਲ ਇਹ ਹੈ ਕਿ ਇਨ੍ਹਾਂ ਛੋਟੇ ਛੋਟੇ ਦੇਸ਼ਾਂ ਦਾ ਗਲੋਬਲ ਵਾਰਮਿੰਗ ਵਿੱਚ ਰੱਤੀ ਭਰ ਵੀ ਯੋਗਦਾਨ ਨਹੀਂ ਹੈ ਪਰ ਭਰਨਾ ਇਨ੍ਹਾਂ ਨੂੰ ਪੈ ਰਿਹਾ ਹੈ। ਗਲਤੀ ਅਮਰੀਕਾ, ਚੀਨ, ਰੂਸ, ਭਾਰਤ, ਜਰਮਨੀ, ਫਰਾਂਸ ਅਤੇ ਆਸਟਰੇਲੀਆ ਆਦਿ ਵਰਗੇ ਵੱਡੇ ਦੇਸ਼ਾਂ ਦੀ ਹੈ। ਇਕੱਲੇ ਜੀ 20 ਸੰਗਠਨ ਦੇ ਮੈਂਬਰ ਦੇਸ਼ ਸੰਸਾਰ ਦੀਆਂ ਗਰੀਨ ਹਾਊਸ ਗੈਸਾਂ ਦਾ 80% ਹਿੱਸਾ ਪੈਦਾ ਕਰਦੇ ਹਨ। 2023 ਵਿੱਚ ਯੂ.ਐਨ.ਉ. ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਜਿਹੜੇ ਸ਼ਹਿਰਾਂ ਨੂੰ ਸਮੁੰਦਰਾਂ ਦੇ ਵਧ ਰਹੇ ਪੱਧਰ ਤੋਂ ਸਭ ਤੋਂ ਵੱਧ ਖਤਰਾ ਹੈ ਉਨ੍ਹਾਂ ਵਿੱਚ ਭਾਰਤ ਦੇ ਮੁੰਬਈ, ਚੇਨਈ ਅਤੇ ਕਲਕੱਤਾ ਸ਼ਹਿਰ ਵੀ ਸ਼ਾਮਲ ਹਨ। ਇਸ ਕੁਦਰਤੀ ਆਫਤ ਤੋਂ ਬਚਣ ਦਾ ਸਿਰਫ ਇੱਕ ਹੀ ਹੱਲ ਹੈ ਕਿ ਕੋਲਾ ਅਤੇ ਪੈਟਰੋਲੀਅਮ ਈਂਧਣਾਂ ਦੀ ਵਰਤੋਂ ਅੱਜ ਹੀ ਬਿਲਕੁਲ ਬੰਦ ਕਰ ਦਿੱਤੀ ਜਾਵੇ ਜੋ ਕਿ ਸੰਭਵ ਨਹੀਂ ਹੈ। ਜੇ ਗਲੋਬਲ ਵਾਰਮਿੰਗ ਇਸੇ ਤਰਾਂ ਵਧਦੀ ਰਹੀ ਤਾਂ ਹੋ ਸਕਦਾ ਹੈ 200 - 300 ਸਾਲਾਂ ਬਾਅਦ ਪੰਜਾਬ ਦਾ ਸ਼ਹਿਰ ਬਠਿੰਡਾ ਬੰਦਰਗਾਹ ਵਿੱਚ ਤਬਦੀਲ ਹੋ ਜਾਵੇ।

# ਆਸ਼ਾਵਾਦ ਦਾ ਵਿਗਿਆਨ ਅਤੇ ਮਹੱਤਵ

ਆਸ਼ਾਵਾਦ ਨੂੰ ਵਿਸ਼ਾਲ ਤੌਰ 'ਤੇ ਇੱਕ ਵਿਅਕਤੀ ਦੀ ਆਮ ਉਮੀਦ ਅਤੇ ਵਿਸ਼ਵਾਸ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਜੀਵਨ ਵਿੱਚ ਚੰਗੀਆਂ ਚੀਜ਼ਾਂ ਹੋਣਗੀਆਂ।ਆਸ਼ਾਵਾਦ ਨੂੰ ਦਰਸ਼ਨ, ਧਰਮ ਅਤੇ ਮਨੋਵਿਗਿਆਨ ਵਿੱਚ ਲੰਬੇ ਸਮੇਂ ਤੋਂ ਇੱਕ ਅਹਿਮ ਅੰਗ ਮੰਨਿਆ ਗਿਆ ਹੈ।ਪ੍ਰਾਚੀਨ ਸਟੋਇਕ ਸਿੱਖਿਆ ਤੋਂ ਲੈ ਕੇ ਆਧੁਨਿਕ ਸਕਾਰਾਤਮਕ ਮਨੋਵਿਗਿਆਨ ਤੱਕ, ਆਸ਼ਾਵਾਦ ਨੂੰ ਬਾਹਰੀ ਅਤੇ ਅੰਦਰੂਨੀ ਸ਼ੱਕਾਂ ਨੂੰ ਦੂਰ ਕਰਨ ਅਤੇ ਨਿੱਜੀ ਵਿਕਾਸ ਲਈ ਇੱਕ ਪ੍ਰੇਰਕ ਵਜੋਂ ਦੇਖਿਆ ਗਿਆ ਹੈ।ਪਿਛਲੇ ਕੁਝ ਦਹਾਕਿਆਂ ਵਿੱਚ ਦੁਨੀਆਂ ਭਰ ਵਿੱਚ ਕੀਤੇ ਗਏ ਵਿਗਿਆਨਕ ਅਧਿਐਨ ਨੇ ਆਸ਼ਾਵਾਦ ਨੂੰ ਨਾ ਸਿਰਫ ਇੱਕ ਮਨੋਵਿਗਿਆਨਕ ਸੋਚ ਵਜੋਂ ਸਬੂਤ ਦਿੱਤਾ ਹੈ, ਬਲਕਿ ਇਸ ਨੂੰ ਇੱਕ ਮਾਪਣਯੋਗ ਮਨੋਵਿਗਿਆਨਕ ਗੁਣ ਵਜੋਂ ਵੀ ਸਾਬਤ ਕੀਤਾ ਹੈ ਜਿਸਦਾ ਮਨੁੱਖੀ ਸਿਹਤ, ਸੋਚ ਅਤੇ ਸਮਾਜਿਕ ਵਿਕਾਸ 'ਤੇ ਸਕਾਰਾਤਮਕ ਪ੍ਰਭਾਵ ਹੁੰਦਾ ਹੈ।




**ਆਸ਼ਾਵਾਦ ਨੂੰ ਵਿਕਸਤ ਕਰਨ ਦੀਆਂ ਰਣਨੀਤੀਆਂ ਅਤੇ ਅਭਿਆਸ**

ਆਸ਼ਾਵਾਦ ਸਿਰਫ ਇੱਕ ਵਿਰਾਸਤੀ ਗੁਣ ਨਹੀਂ ਹੈ ਜੋ ਜੀਨਜ਼ ਦੁਆਰਾ ਪ੍ਰਾਪਤ ਕੀਤਾ ਜਾਂਦਾ ਹੈ, ਬਲਕਿ ਇਸਨੂੰ ਦ੍ਰਿੜ ਇਰਾਦੇ ਵਾਲੇ ਅਭਿਆਸਾਂ ਦੁਆਰਾ ਵਿਕਸਤ ਅਤੇ ਮਜ਼ਬੂਤ ਕੀਤਾ ਜਾ ਸਕਦਾ ਹੈ। ਮਨੋਵਿਗਿਆਨੀਆਂ ਨੇ ਕਈ ਸਬੂਤ-ਅਧਾਰਿਤ ਪਹੁੰਚਾਂ ਦੀ ਸਿਫਾਰਿਸ਼ ਕੀਤੀ ਹੈ।ਜਿਨ੍ਹਾਂ ਵਿੱਚੋਂ ਕੁਝ ਹੇਠਾਂ ਦਿੱਤੇ ਗਏ ਹਨ:

**1. ਕੋਗਨਿਟਿਵ ਰੀਫਰੇਮਿੰਗ:**
ਇਹ ਪਹੁੰਚ ਮਨ ਨੂੰ ਨਕਾਰਾਤਮਕ ਸਥਿਤੀਆਂ ਨੂੰ ਨਿਰਮਾਣਾਤਮਕ ਤਰੀਕੇ ਨਾਲ ਦੁਬਾਰਾ ਵਿਆਖਿਆ ਕਰਨ ਦੀ ਟ ?ਰੇਨਿੰਗ ਨਾਲ ਜੁੜੀ ਹੋਈ ਹੈ।ਉਦਾਹਰਨ ਵਜੋਂ ਅਸਫਲਤਾ ਨੂੰ ਹਾਰ ਵਜੋਂ ਦੇਖਣ ਦੀ ਬਜਾਏ, ਆਸ਼ਾਵਾਦ ਅਸਫਲਤਾ ਨੂੰ ਸਿੱਖਣ ਦੇ ਮੌਕੇ ਵਜੋਂ ਦੇਖਦਾ ਹੈ।

**2. ਰਿਣ ਆਤਮਿਕਤਾ ਦੇ ਅਭਿਆਸ:**
ਇੱਕ ਜਾਂ ਛੋਟੀ-ਛੋਟੀ ਸਕਾਰਾਤਮਕ ਚੀਜ਼ਾਂ ਨੂੰ ਜਾਣ-ਪਛਾਣ ਕਰਨਾ ਸਕਾਰਾਤਮਕ ਸੋਚ ਨੂੰ ਵਧਾਉਂਦਾ ਹੈ।ਇਹ ਆਦਤ, ਜੇਕਰ ਲਗਾਤਾਰਤਾ ਨਾਲ ਕੀਤੀ ਜਾਏ ਤਾਂ ਮਨ ਅਤੇ ਦਿਲ ਲਈ ਇੱਕ ਖੇਡ ਬਦਲਣ ਵਾਲੀ ਹੋ ਸਕਦੀ ਹੈ।

**3. ਮਾਈਂਡਫੁਲਨੈੱਸ ਅਤੇ ਧਿਆਨ:**
ਧਿਆਨ ਅਤੇ ਮਾਈਂਡਫੁਲਨੈੱਸ ਦੇ ਛੋਟੇ ਸੈਸ਼ਨ ਨਕਾਰਾਤਮਕ ਊਰਜਾ ਨੂੰ ਘੱਟਾਉਂਦੇ ਹਨ ਅਤੇ ਵਰਤਮਾਨ ਪਲਾਂ ਦੇ ਮੌਕੇ ਦੀ ਜਾਣਕਾਰੀ ਨੂੰ ਮਜ਼ਬੂਤ ਕਰਦੇ ਹਨ।

**4. ਸਕਾਰਾਤਮਕ ਟੀਚੇ ਨਿਰਧਾਰਿਤ ਕਰਨਾ:**
ਮਨ ਅਤੇ ਖੁਦ ਦੀ ਇੱਛਾਵਾਂ ਨੂੰ ਪ੍ਰਾਪਤੀਯੋਗ ਟੀਚੇ ਬਣਾਉਣ ਲਈ ਟ ?ਰੇਨ ਕੀਤਾ ਜਾਣਾ ਚਾਹੀਦਾ ਹੈ ਜੋ ਉਮੀਦ, ਦਿਸ਼ਾ ਅਤੇ ਸਕਰਾਤਮਕਤਾ ਦੀ ਭਾਵਨਾ ਨੂੰ ਪੈਦਾ ਕਰਦਾ ਹੈ।

**5. ਸਮਾਜਿਕ ਜਾਲ:**
ਆਪਣੇ ਆਪ ਨੂੰ ਸਮਰਥਕ ਅਤੇ ਸਕਾਰਾਤਮਕ ਵਿਅਕਤੀਆਂ ਨਾਲ ਘੇਰਨ ਦੀ ਕੋਸ਼ਿਸ਼ ਕਰੋ ਜੋ ਹਮੇਸ਼ਾ ਆਸ਼ਾਵਾਦੀ ਪੈਟਰਨਾਂ ਨੂੰ ਮਜ਼ਬੂਤ ਕਰਦੇ ਹਨ।

ਇਹ ਤਕਨੀਕਾਂ ਕੋਗਨਿਟਿਵ-ਬਿਹੇਵੀਅਰਲ ਥੈਰੇਪੀ (32") ਦੇ ਨਿਯਮਾਂ ਨਾਲ ਮੇਲ ਖਾਂਦੀਆਂ ਹਨ, ਜਿਸ ਦਾ ਸੁਝਾਅ ਹੈ ਕਿ ਆਸ਼ਾਵਾਦ ਨੂੰ ਯਾਦਗਾਰੀ ਤੌਰ 'ਤੇ ਵਿਕਸਤ ਕੀਤਾ ਜਾ ਸਕਦਾ ਹੈ ਨਾ ਕਿ ਇਸ ਨੂੰ ਕਿਸੇ ਸੰਭਾਵਨਾ 'ਤੇ ਛੱਡਿਆ ਜਾਵੇ।

**ਆਸ਼ਾਵਾਦ ਦੇ ਫ਼ਾਇਦੇ**

ਦੁਨੀਆ ਭਰ ਵਿੱਚ ਸਿਹਤ ਵਿਗਿਆਨ ਅਤੇ ਮਨੋਵਿਗਿਆਨ ਦੇ ਖੇਤਰ ਵਿੱਚ ਕੀਤੇ ਗਏ ਅਧਿਐਨ ਨੇ ਆਸ਼ਾਵਾਦ ਦੇ ਕਈ ਫਾਇਦਿਆਂ ਨੂੰ ਦਰਸਾਇਆ ਹੈ:

**1. ਸਰੀਰਕ ਸਿਹਤ:**
ਆਸ਼ਾਵਾਦੀ ਵਿਅਕਤੀਆਂ ਵਿੱਚ ਦਿਲ ਦੀਆਂ ਬਿਮਾਰੀਆਂ ਦੀ ਦਰ ਘੱਟ ਹੁੰਦੀ ਹੈ, ਇਮਿਊਨ ਫੰਕਸ਼ਨ ਮਜ਼ਬੂਤ ਹੁੰਦਾ ਹੈ ਅਤੇ ਜੀਵਨ ਕਾਲ ਲੰਬਾ ਹੁੰਦਾ ਹੈ।

**2. ਮਨੋਵਿਗਿਆਨਕ ਸੁਖ:**
ਆਸ਼ਾਵਾਦ ਨਾਲ ਚਿੰਤਾ ਦੀ ਘਾਟ, ਡਿਪ੍ਰੈਸ਼ਨ ਦੀ ਘੱਟ ਦਰ ਅਤੇ ਜੀਵਨ ਸੰਤੁਸ਼ਟੀ ਵਿੱਚ ਵਾਧਾ ਹੋਣ ਦਾ ਮਜ਼ਬੂਤ ਸੰਬੰਧ ਹੈ।

**3. ਲਚਕਦਾਰੀ:**
ਆਸ਼ਾਵਾਦੀ ਵਿਅਕਤੀ ਤਣਾਅ, ਨੁਕਸਾਨ ਜਾਂ ਟ ?ਰੌਮਾ ਨਾਲ ਦਲੇਰਾਨਾ ਢੰਗ ਨਾਲ ਜੂਝਦੇ ਹਨ, ਉਹ ਸਮੱਸਿਆਵਾਂ 'ਤੇ ਖੜ੍ਹੇ ਰਹਿਣ ਦੀ ਬਜਾਏ ਹੱਲਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ।

***4. ਉਤਪਾਦਕਤਾ ਅਤੇ ਪ੍ਰਾਪਤੀ:***
ਸਕਾਰਾਤਮਕ ਉਮੀਦਾਂ ਪ੍ਰੇਰਣਾ, ਸਮੱਸਿਆ ਹੱਲ ਕਰਨ ਦੀਆਂ ਕੌਸ਼ਲਾਂ ਅਤੇ ਧੀਰਜ ਨੂੰ ਵਧਾਉਂਦੀਆਂ ਹਨ, ਜਿਸ ਨਾਲ ਵੱਧ ਅਕਾਦਮਿਕ ਅਤੇ ਪੇਸ਼ੇਵਰ ਸਫਲਤਾ ਮਿਲਦੀ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

**5. ਸਮਾਜਿਕ ਸਮਰੂਪਤਾ:**
ਆਸ਼ਾਵਾਦੀ ਵਿਅਕਤੀ ਆਪਣੀ ਉਮੀਦ ਅਤੇ ਸਮਰਥਕ ਦ੍ਰਿਸ਼ਟੀਕੋਣ ਕਾਰਨ ਮਜ਼ਬੂਤ ਰਿਸ਼ਤੇ ਬਣਾਉਂਦੇ ਹਨ।

**ਆਸ਼ਾਵਾਦ ਦੇ ਨੁਕਸਾਨ**

ਜਦੋਂ ਕਿ ਆਸ਼ਾਵਾਦ ਬਹੁਤ ਫਾਇਦੇਮੰਦ ਹੈ, ਪਰ ਬੇਹਿਸਾਬ ਜਾਂ ਅਣਉਚਿਤ ਆਸ਼ਾਵਾਦ ਖ਼ਤਰੇ ਪੈਦਾ ਕਰ ਸਕਦਾ ਹੈ:

**1. ਅਤਿਵਿਸ਼ਵਾਸ:**
ਜ਼ਿਆਦਾ ਆਸ਼ਾਵਾਦ ਵਿਅਕਤੀਆਂ ਨੂੰ ਖ਼ਤਰਿਆਂ ਦੀ ਘੱਟ ਕੀਮਤ ਲਗਾਉਣ ਲਈ ਪ੍ਰੇਰਿਤ ਕਰ ਸਕਦਾ ਹੈ, ਜਿਸ ਨਾਲ ਗਲਤ ਫੈਸਲੇ ਹੋ ਸਕਦੇ ਹਨ।

**2. ਵਿਲੰਬਿਤ ਸਾਵਧਾਨੀਆਂ:**
ਮੁਸ਼ਕਿਲ ਸਥਿਤੀਆਂ ਵਿੱਚ ÷ਚੀਜ਼ਾਂ ਠੀਕ ਹੋ ਜਾਣਗੀਆਂ÷ 'ਤੇ ਸਦਾ ਯਕੀਨ ਕਰਨ ਨਾਲ ਸਿਹਤ ਜਾਂ ਵਿੱਤੀ ਸੁਰੱਖਿਆ ਦੀ ਲੋੜ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ।

**3. ਨਿਰਾਸ਼ਾ:**
ਨਤੀਜ਼ਿਆਂ ਦਾ ਲਗਾਤਾਰ ਜ਼ਿਆਦਾ ਅੰਦਾਜ਼ਾ ਲਗਾਉਣਾ ਉਸ ਵੇਲੇ ਨਿਰਾਸ਼ਾ ਵੱਧਾ ਸਕਦਾ ਹੈ ਜਦੋਂ ਹਕੀਕਤ ਪੂਰਕ ਸਫਲਤਾ ਤੋਂ ਹੇਠਾਂ ਰਹਿੰਦੀ ਹੈ।

**4. ਸਮਾਜਿਕ ਗਲਤਫਹਮੀ:**
ਆਸ਼ਾਵਾਦੀ ਪੱਖਪਾਤ ਵਿਅਕਤੀਆਂ ਨੂੰ ਦੂਜੇ ਲੋਕਾਂ ਦੇ ਨੁਕਸਾਨਦਾਇਕ ਇਰਾਦਿਆਂ ਜਾਂ ਪ੍ਰਣਾਲੀਗਤ ਚੁਣੌਤੀਆਂ ਤੋਂ ਅੰਨ੍ਹਾ ਕਰ ਸਕਦਾ ਹੈ।

ਇਸ ਲਈ, ਆਸ਼ਾਵਾਦ ਸਭ ਤੋਂ ਵਧੀਆ ਹੁੰਦਾ ਹੈ ਜਦੋਂ ਇਹ ਯਥਾਰਥ ਮੁਲਾਂਕਣ ਨਾਲ ਸੰਤੁਲਿਤ ਹੁੰਦਾ ਹੈ, ਜਿਸਨੂੰ ਮਨੋਵਿਗਿਆਨੀ ÷ਯਥਾਰਥ ਆਸ਼ਾਵਾਦ÷ ਕਹਿੰਦੇ ਹਨ।

**ਆਸ਼ਾਵਾਦ ਅਤੇ ਮਨੁੱਖੀ ਵਿਕਾਸ**

ਇੱਕ ਵਿਕਾਸਾਤਮਕ ਦ੍ਰਿਸ਼ਟੀਕੋਣ ਤੋਂ, ਆਸ਼ਾਵਾਦ ਨੇ ਮਨੁੱਖੀ ਜੀਵਨ ਨੂੰ ਬਚਾਉਣ ਵਿੱਚ ਯੋਗਦਾਨ ਪਾਇਆ ਹੋ ਸਕਦਾ ਹੈ। ਉਮੀਦਵਾਰ ਵਿਅਕਤੀ ਮੁਸ਼ਕਲਾਂ ਵਿੱਚ ਡੱਟੇ ਰਹਿਣ ਦੇ ਯੋਗ ਹੁੰਦੇ ਹਨ, ਸਹਿਯੋਗੀ ਸਮਾਜਿਕ ਬੰਧਨ ਬਣਾਉਂਦੇ ਹਨ ਅਤੇ ਦਬਾਅ ਦੇ ਹੇਠਾਂ ਨਵੇਂ ਵਿਚਾਰ ਅਤੇ ਤਕਨੀਕਾਂ ਦਾ ਨਿਰਮਾਣ ਕਰਦੇ ਹਨ।ਆਸ਼ਾਵਾਦ ਅੰਦਰੂਨੀ ਪ੍ਰੇਰਣਾ ਨੂੰ ਵੱਧਾਉਂਦਾ ਹੈ ਅਤੇ ਰਚਨਾਤਮਕਤਾ, ਅਨੁਕੂਲਤਾ ਅਤੇ ਸਮੱਸਿਆ ਹੱਲ ਕਰਨ ਵਾਲੀਆਂ ਕੌਸ਼ਲਾਂ ਨੂੰ ਉਤਸ਼ਾਹਿਤ ਕਰਦਾ ਹੈ ਜੋ ਮਨੁੱਖੀ ਪ੍ਰਗਤੀ ਦੇ ਸਹਾਇਕ ਗੁਣ ਹਨ।ਸਕਾਰਾਤਮਕ ਨਤੀਜ਼ਿਆਂ ਦੀ ਉਮੀਦ ਕਰਕੇ ਵਿਅਕਤੀ ਗਣਨਾ ਕੀਤੇ ਖ਼ਤਰਿਆਂ ਨੂੰ ਮੌਕੇ 'ਤੇ ਲੈ ਜਾਣ ਲਈ ਵੱਧ ਪ੍ਰੇਰਿਤ ਹੁੰਦੇ ਹਨ ਜੋ ਇਤਿਹਾਸਕ ਤੌਰ 'ਤੇ ਖੋਜ, ਵਿਗਿਆਨ ਅਤੇ ਸਭਿਆਚਾਰ ਨੂੰ ਅੱਗੇ ਵੱਧਾਉਣ ਵਾਲਾ ਗੁਣ ਹੈ।

**ਆਸ਼ਾਵਾਦ ਦੇ ਵਿਗਿਆਨਕ ਆਧਾਰ**

ਆਸ਼ਾਵਾਦ ਸਿਰਫ ਇੱਕ ਦਰਸ਼ਨਾਤਮਕ ਆਈਡੀਆ ਨਹੀਂ ਹੈ; ਇਸਦੇ ਪਿੱਛੇ ਮਾਪਣਯੋਗ ਜੀਵ ਵਿਗਿਆਨਕ ਅਤੇ ਤੰਤ੍ਰਿਕ ਆਧਾਰ ਹਨ:

**1. ਨਿਊਰੋਸਾਇੰਸ:**
ਫੰਕਸ਼ਨਲ ਐਮਆਰਆਈ ਸਕੈਨਾਂ ਦੇ ਅਧਿਐਨ ਨੇ ਦਰਸਾਇਆ ਹੈ ਕਿ ਆਸ਼ਾਵਾਦੀ ਸੋਚ ਪੂਰਵ ਫਰੰਟਲ ਕੋਰਟੈਕਸ ਅਤੇ ਸਟ ?ਰਾਇਟਮ ਖ਼ੇਤਰਾਂ ਨੂੰ ਸਰਗਰਮ ਕਰਦੀ ਹੈ ਜੋ ਇਨਾਮ ਪ੍ਰਕਿਰਿਆ ਅਤੇ ਫ਼ੈਸਲਾ ਕਰਨ ਵਿੱਚ ਸ਼ਾਮਲ ਹੁੰਦੇ ਹਨ।

**2. ਜੀਵ ਰਸਾਇਣ:**
ਆਸ਼ਾਵਾਦੀਆਂ ਦੇ ਕੋਲ ਕਮ ਕੋਰਟੀਜ਼ੋਲ (ਤਣਾਅ ਦਾ ਹਾਰਮੋਨ) ਪੱਧਰ ਅਤੇ ਵੱਧ ਸੇਰੋਟੋਨਿਨ ਹੁੰਦਾ ਹੈ ਜੋ ਭਾਵਨਾਤਮਕ ਸੰਤੁਲਨ ਵਿੱਚ ਸੁਧਾਰ ਕਰਨ ਵਿੱਚ ਸਹਾਇਕ ਹੁੰਦਾ ਹੈ।

**3. ਜੀਨਾਤਮਕਤਾ:**
ਕੁਝ ਜੀਨਜ਼ ਦੇ ਵੱਖਰੇਪਣ, ਜਿਵੇਂ ਕਿ ਡੋਪਾਮਾਈਨ ਪਾਥਵੇਜ਼ ਨੂੰ ਪ੍ਰਭਾਵਿਤ ਕਰਨ ਵਾਲੇ, ਆਸ਼ਾਵਾਦ ਵੱਲ ਢੱਲਣ ਦੀ ਪ੍ਰਵਿਰਤੀ 'ਤੇ ਅਸਰ ਪਾਉਂਦੇ ਹਨ।

**4. ਸਕਾਰਾਤਮਕ ਮਨੋਵਿਗਿਆਨ ਅਧਿਐਨ:**
ਲੰਬੇ ਸਮੇਂ ਦੇ ਅਧਿਐਨਾਂ ਨੇ ਇਹ ਪੁਸ਼ਟੀ ਕੀਤੀ ਹੈ ਕਿ ਆਸ਼ਾਵਾਦ ਲੰਬਾਈ ਅਤੇ ਸਿਹਤ ਦੇ ਨਤੀਜ਼ਿਆਂ ਨੂੰ ਆਰਥਿਕ ਸਥਿਤੀ ਤੋਂ ਬਿਨਾਂ ਭਵਿੱਖਬਾਣੀ ਕਰਦਾ ਹੈ।

ਇਹ ਸਾਰੇ ਖੋਜਾਂ ਇਹ ਦਰਸਾਉਂਦੀਆਂ ਹਨ ਕਿ ਆਸ਼ਾਵਾਦ ਸਿਰਫ ਇੱਕ ਖਿਆਲੀ ਸੋਚ ਨਹੀਂ ਹੈ, ਬਲਕਿ ਇਹ ਜੀਵ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਮਾਪਣਯੋਗ ਗੁਣ ਹੈ।

ਆਸ਼ਾਵਾਦ ਦ੍ਰਿਸ਼ਟੀ ਦੀ ਇੱਕ ਕਲਾ ਅਤੇ ਲਚਕੀਲੇਪਣ ਦਾ ਇੱਕ ਵਿਗਿਆਨ ਹੈ। ਜਦੋਂ ਇਸਨੂੰ ਸੋਚ ਸਮਝ ਕੇ ਵਿਕਸਤ ਕੀਤਾ ਜਾਂਦਾ ਹੈ, ਤਾਂ ਇਹ ਸਰੀਰਕ ਸਿਹਤ, ਮਨੋਵਿਗਿਆਨਕ ਤਾਕਤ ਅਤੇ ਸਮਾਜਿਕ ਸਾਂਝ ਨੂੰ ਵੱਧਾਉਂਦਾ ਹੈ, ਜਿਸ ਨਾਲ ਵਿਅਕਤੀਆਂ ਨੂੰ ਹੋਰ ਲਚਕੀਲੇ ਅਤੇ ਦਿਆਲੂ ਮਨੁੱਖ ਬਣਨ ਦੀ ਦਿਸ਼ਾ ਮਿਲਦੀ ਹੈ। ਪਰ, ਬੇਹੱਦ ਆਸ਼ਾਵਾਦ ਗਲਤ ਫ਼ੈਸਲਿਆਂ ਨੂੰ ਜਨਮ ਦੇ ਸਕਦਾ ਹੈ, ਇਸ ਲਈ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ।ਆਧੁਨਿਕ ਵਿਗਿਆਨ ਇਹ ਸਾਬਤ ਕਰਦਾ ਹੈ ਕਿ ਆਸ਼ਾਵਾਦ ਨਾ ਤਾਂ ਨਾਸਮਝੀ ਹੈ ਅਤੇ ਨਾ ਹੀ ਕਲਪਨਾ, ਜੀਵ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਆਸ਼ਾਵਾਦ ਇੱਕ ਮਾਪਣਯੋਗ ਗੁਣ ਹੈ। ਜਦੋਂ ਸਮਾਜ ਅਨਿਸ਼ਚਿਤਤਾ ਦਾ ਸਾਹਮਣਾ ਕਰਦਾ ਹੈ ਵਿਸ਼ਵ ਸਿਹਤ ਸੰਕਟ ਤੋਂ ਲੈ ਕੇ ਮੌਸਮੀ ਚੁਣੌਤੀਆਂ ਤੱਕ ਆਸ਼ਾਵਾਦ ਜੋ ਹਕੀਕਤ ਨਾਲ ਸੰਤੁਲਿਤ ਕੀਤਾ ਗਿਆ ਹੈ, ਨਾਂ ਸਿਰਫ ਇੱਕ ਨਿੱਜੀ ਗੁਣ ਵਜੋਂ, ਬਲਕਿ ਮਨੁੱਖੀ ਵਿਕਾਸ ਲਈ ਇਕ ਸਮੂਹਿਕ ਜ਼ਰੂਰਤ ਵਜੋਂ ਉਭਰਦਾ ਹੈ।

# ਪੰਜਾਬ ਅੰਦਰ ਹੜ੍ਹਾਂ ਦੀ ਭਿਆਨਕ ਤਬਾਹੀ ਦਾ ਮੰਜ਼ਰ

ਪਿਛਲੇ ਦਿਨੀ ਪੰਜਾਬ ਅੰਦਰ ਹੜਾਂ ਨੇ ਭਿਆਨਕ ਤਬਾਹੀ ਕੀਤੀ ਹੈ ।ਇੱਕ ਅੰਦਾਜੇ ਮੁਤਾਬਿਕ ਕਰੀਬ 3 ਲੱਖ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਅਤੇ ਸੈਂਕੜੇ ਘਰ ਢਹਿ ਚੁੱਕੇ ਹਨ ।ਬਹੁਤ ਸਾਰੇ ਖੇਤਰਾਂ ਅੰਦਰ ਜਾਨੀ ਅਤੇ ਮਾਲੀ ਨੁਕਸਾਨ ਵੀ ਹੋਇਆ ਹੈ । ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦੇ 12 ਜ਼ਿਲ੍ਹਿਆਂ ਦੇ ਅੰਦਰ ਹੜਾਂ ਦੇ ਪਾਣੀ ਨੇ ਭਾਰੀ ਤਬਾਹੀ ਮਚਾਈ ਹੈ ।ਝੋਨਾ ਖੇਤਾਂ ਦੇ ਵਿੱਚ ਖੜਾ ਤਬਾਹ ਹੋ ਗਿਆ ਹੈ ।ਘਰਾਂ ਦੀ ਤਬਾਹੀ ਦਾ ਆਲਮ ਬੇਹੱਦ ਖਤਰਨਾਕ ਹੈ ਕਈ ਪਿੰਡਾਂ ਦੀ ਤਾਂ ਸਥਿਤੀ ਅਜੇ ਵੀ ਡਾਵਾਂ ਡੋਲ ਬਣੀ ਹੋਈ ਹੈ ।ਦਰਿਆ ਦੇ ਪਾਣੀ ਨੇ ਤਬਾਹੀ ਦਾ ਜੋ ਮੰਜਰ ਪੈਦਾ ਕੀਤਾ ਹੈ ਉਸ ਨੂੰ ਵੇਖ ਕੇ ਕਿਸੇ ਵੀ ਇਨਸਾਨ ਦੇ ਅਰਾਉਂਟ ਤੇ ਖੜੇ ਹੋ ਜਾਣ ।ਪੰਜਾਬ ਦਾ ਇੱਕ ਹਿੱਸਾ ਹੜਾਂ ਦੀ ਇਨਾਂ ਤਬਾਹੀ ਨੇ ਪੂਰੀ ਤਰ੍ਹਾਂ ਨੇਸਤੋਂ ਨਬੂਦ ਕਰ ਦਿੱਤਾ ਹੈ ।ਉਹ ਪਰਿਵਾਰ ਉਹ ਘਰ ਤੇ ਉਹ ਪਿੰਡ ਕਿਵੇਂ ਮੁੜ ਕੇ ਉੱਠਣ ਜੋਗੇ ਖੜੇ ਹੋ ਜਾਣਗੇ ਜੋ ਆਲਮ ਤਬਾਹੀ ਹੜਾਂ ਦੇ ਇਸ ਪਾਣੀ ਨੇ ਮਚਾਈ ਹੈ ।ਸਥਿਤੀ ਬੇਹੱਦ ਖਰਾਬ ਹੈ । ਸਰਕਾਰਾਂ ਨੇ ਕਦੇ ਵੀ ਪੰਜਾਬੀਆਂ ਦੀ ਬਾਂਹ ਨਹੀਂ ਫੜੀ ।ਉਹ ਗੱਲ ਭਾਵੇਂ ਹੜਾਂ ਦੇ ਪਾਣੀ ਦੀ ਹੋਵੇ ਜਾਂ ਹੋਰ ਨਾ ਕਾਰਨਾਂ ਦੀ । ਪੰਜਾਬ ਦਾ ਭਾਰੀ ਨੁਕਸਾਨ ਹੋਇਆ ਹੈ । ਪੰਜਾਬੀਆਂ ਦੀ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਤ ਤਬਾਹ ਹੋ ਜਾਂਦੀ ਹੈ ਅਤੇ ਪੰਜਾਬ ਸਿਆਸਤ ਦੀ ਭੇਟ ਚੜ ਜਾਂਦਾ ਹੈ ।ਜੇਕਰ ਹੁਣ ਵੀ ਗੱਲ ਕਰੀਏ ਤਾਂ ਇੱਥੇ ਸਰਕਾਰ ਵੱਲੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਨੂੰ ਕੁਦਰਤੀ ਕਰੋਪੀ ਨਾ ਆ ਕੇ ਕੇਂਦਰ ਸਰਕਾਰ ਦੀ ਕਰੋਪੀ ਆਖਦਿਆਂ ਰੱਜ ਕੇ ਕੋਸਿਆ ਗਿਆ ਸੱਚ ਕੀ ਹੈ ਰੱਬ ਜਾਣੇ ਪਰ ਇਸ ਹੜਾਂ ਦੇ ਪਾਣੀ ਵਿੱਚ ਪੰਜਾਬੀਆਂ ਦਾ ਸਭ ਕੁਝ ਬਹਿ ਗਿਆ ਹੈ ।ਕਿਸਾਨ ਪਰਿਵਾਰਾਂ ਦੇ ਸੁਪਨੇ ਇਸ ਹੜ ਦੇ ਪਾਣੀ ਦੀ ਵਿੱਚ ਬਹਿ ਗਏ ਹਨ ।ਸਰਕਾਰਾਂ ਦੇ ਵਾਅਦੇ ਅਤੇ ਦਾਵੇ ਮੁੱਕਣ ਦਾ ਨਾਮ ਨਹੀਂ ਲੈ ਰਹੇ ਕਿਸਾਨੀ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ ਪੰਜਾਬ ਸਰਕਾਰ ਵੱਲੋਂ ਭਾਵੇਂ ਵੱਡੇ ਪੱਧਰ ਤੇ ਕਿਸਾਨਾਂ ਦੀ ਮਦਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਪਰ ਅਸਲ ਸੱਚ ਕੀ ਹੈ ਜ਼ਮੀਨੀ ਹਕੀਕਤਾਂ ਕੀ ਹਨ । ਉਹ ਤਾਂ ਹੜ ਪੀੜਿਤ ਪਰਿਵਾਰ ਹੀ ਜਾਣਦੇ ਹਨ ।ਕੇਂਦਰ ਸਰਕਾਰ ਨੂੰ ਮੌਜੂਦਾ ਸਮੇਂ ਔਖੀ ਘੜੀ ਦੇ ਅੰਦਰ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨ ਦੀ ਬਾਂਹ ਫੜਨੀ ਚਾਹੀਦੀ ਹੈ, ਕਿਉਂਕਿ ਪੰਜਾਬ ਨੇ ਸਦਾ ਹੀ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਦੇ ਲਈ ਆਪਣਾ ਵੱਡਾ ਯੋਗਦਾਨ ਪਾਇਆ ਹੈ ।ਪੰਜਾਬ ਨੇ ਸਦਾ ਹੀ ਦੇਸ਼ ਦੇ ਹਿੱਤਾਂ ਦੇ ਖਾਤਰ ਆਪਣਾ ਭਰਵਾਂ ਯੋਗਦਾਨ ਪਾ ਕੇ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ ਹੈ ।ਪਰ ਪਤਾ ਨਹੀਂ ਕਿਉਂ ਕੇਂਦਰ ਸਰਕਾਰ ਸਦਾ ਹੀ ਪੰਜਾਬ ਦੇ ਨਾਲ ਵਿਤਕਰਾ ਕਰਦੀ ਆਈ ਹੈ ।




ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲੇਖ਼ਕ ਸ਼ਿੰਦਰ ਸਿੰਘ ਮੀਰਪੁਰੀ
5592850841

ਅੱਜ ਜਦ ਪੰਜਾਬ ਨੂੰ ਕੇਂਦਰ ਸਰਕਾਰ ਦੀ ਲੋੜ ਹੈ ਤਾਂ ਸਰਕਾਰ ਨੇ ਮਹਿਜ਼ 1600 ਕਰੋੜ ਰੁਪਿਆ ਦੇ ਕੇ ਬੁੱਤਾ ਸਾਰ ਦਿੱਤਾ ਹੈ ।ਆਗੂਆਂ ਨੇ ਆਖਿਆ ਕਿ ਚੰਗਾ ਹੋਵੇ ਜੇਕਰ ਇਹ ਔਖੀ ਘੜੀ ਅੰਦਰ ਕੇਂਦਰ ਪੰਜਾਬ ਨੂੰ ਇੱਕ ਵੱਡਾ ਪੈਕਜ ਦੇ ਕੇ ਕਿਸਾਨਾਂ ਦੇ ਅੱਲ੍ਹੇ ਜ਼ਖ਼ਮਾਂ ਤੇ ਮੱਲ੍ਹਮ ਲਗਾਉਣ ਦਾ ਕੰਮ ਕਰੇ ।ਆਗੂਆਂ ਨੇ ਆਖਿਆ ਕਿ ਕਰੀਬ 3 ਲੱਖ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਅਤੇ 2 ਹਜ਼ਾਰ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਹਨ ਪਰ ਸਰਕਾਰ ਕਿਸਾਨਾਂ ਨਾਲ ਮਜ਼ਾਕ ਕਰ ਰਹੀ ਪ੍ਰਤੀਤ ਹੁੰਦੀ ਹੈ ।ਪਹਿਲੀਆਂ ਸਰਕਾਰਾਂ ਨੇ ਵੀ ਪੰਜਾਬ ਦੀ ਕਿਸਾਨੀ ਦਾ ਕੁਝ ਸਵਾਰਨ ਦਾ ਯਤਨ ਨਹੀਂ ਕੀਤਾ ਹਾਂ ਕਿਸਾਨਾਂ ਨੂੰ ਨਿਰਾਸ਼ ਜਰੂਰ ਕੀਤਾ ਹੈ ਇਹੀ ਹਾਲ ਮੌਜੂਦਾ ਸਰਕਾਰਾਂ ਕਰ ਰਹੀਆਂ ਹਨ ।ਬਾਕੀ ਸੂਬਿਆਂ ਦੇ ਅੰਦਰ ਵੀ ਭਾਵੇਂ ਹੜਾਂ ਨੇ ਭਾਰੀ ਤਬਾਹੀ ਮਚਾਈ ਹੈ ਪਰ ਉੱਥੇ ਸਰਕਾਰਾਂ ਨੇ ਬਹੁਤ ਕੁਝ ਕੀਤਾ ।

ਇੱਥੇ ਇੱਕ ਗੱਲ ਦਾ ਜ਼ਿਕਰ ਜਰੂਰ ਕਰਨਾ ਚਾਹਾਂਗਾ ਕਿ ਭਾਵੇਂ ਸਰਕਾਰ ਅਤੇ ਸਰਕਾਰੀ ਤੰਤਰ ਨੇ ਹੜਾਂ ਦੀ ਤਬਾਹੀ ਦੌਰਾਨ ਬਹੁਤ ਕੁਝ ਘੱਟ ਕੀਤਾ ਹੈ ਪਰ ਉਸ ਦੇ ਮੁਕਾਬਲੇ ਤੇ ਜੇਕਰ ਗੱਲ ਕਰੀਏ ਕਲਾਕਾਰ ਵਰਗ ਦੀ ਜਾਂ ਫਿਲਮਾਂ ਕਾਰਾਂ ਦੀ ਤਾਂ ਉਹਨਾਂ ਨੇ ਵੱਡੇ ਪੱਧਰ ਤੇ ਪੈਸਾ ਦੇ ਕੇ ਕਿਸਾਨਾਂ ਦੀ ਬਾਂਹ ਫੜਨ ਦੀ ਕੋਸ਼ਿਸ਼ ਜਰੂਰ ਕੀਤੀ ਹੈ।ਸਰਕਾਰਾਂ ਦੀ ਗੱਲ ਤਾਂ ਛੱਡੋ । ਹਾਂ ਸਮਾਜ ਕਿਸੇ ਵੀ ਜਥੇਬੰਦੀਆਂ ਅਤੇ ਥੋੜੇ ਬਹੁਤ ਸੰਤ ਬਾਬੇ ਵੀ ਇਸ ਵੇਲੇ ਕਿਸਾਨ ਭਾਈਚਾਰੇ ਦੀ ਮਦਦ ਕਰ ਰਹੇ ਹਨ ।ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਵੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ ।ਕਈ ਕਲਾਕਾਰਾਂ ਨੇ ਵੀ ਪੈਸੇ ਦੀ ਹਨੇਰੀ ਲਿਆਂਦੀ ਹੈ ।ਕੁਝ ਵੀ ਹੋਵੇ ਪੰਜਾਬ ਅੰਦਰ ਹੜਾਂ ਦੇ ਪਾਣੀ ਨੇ ਪੰਜਾਬੀਆਂ ਦਾ ਵੱਡਾ ਨੁਕਸਾਨ ਕੀਤਾ ਹੈ ਜਿਨਾਂ ਨੂੰ ਮੁੜ ਪੈਰਾਂ ਸਿਰ ਹੋਣ ਨੂੰ ਕਈ ਵਰੇ ਲੱਗ ਜਾਣਗੇ ।ਜਦਕਿ ਸਰਕਾਰ ਨੂੰ ਚਾਹੀਦਾ ਹੈ ਕੋਈ ਇਹੋ ਜਿਹੀ ਚੀਜ਼ਾਂ ਪ੍ਰਤੀ ਪਹਿਲਾਂ ਖਿਆਲ ਰੱਖੇ ਅਤੇ ਲੋੜ ਅਨੁਸਾਰ ਕੰਮ ਕਰੇ ।ਆਓ ਸਾਰੇ ਇਕੱਠੇ ਹੋ ਕੇ ਹੜ ਪਰਿਵਾਰਾਂ ਦੀ ਮਦਦ ਕਰੀਏ ।

# ਅਸਲੀ ਰਾਵਣ

ਚਾਚਾ ਭਤੀਜਾ ਪਿੰਡੋਂ ਚਾਈਂ-ਚਾਈਂ ਦੁਸਹਿਰੇ ਦਾ ਮੇਲਾ ਦੇਖਣ ਸ਼ਹਿਰ ਆਏ।ਸਾਰਾ ਮੈਦਾਨ ਲੋਕਾਂ ਨਾਲ ਭਰਿਆ ਹੋਇਆ ਸੀ।ਇਕ ਪਾਸੇ ਕਬੱਡੀ ਟੂਰਨਾਮੈਂਟ ਤੇ ਰੱਸਾਕਸ਼ੀ ਦੀਆਂ ਖੇਡਾਂ ਚੱਲ ਰਹੀਆਂ ਸਨ ਜਦਕਿ ਦੂਜੇ ਪਾਸੇ ਹਨੂੰਮਾਨ ਸੈਨਾ ਆਪਣੇ ਕਰਤੱਬ ਦਿਖਾ ਰਹੀ ਸੀ।ਦੁਸਹਿਰਾ ਮੈਦਾਨ ਦੇ ਆਲੇ ਦੁਆਲੇ ਵੱਖੋ-ਵੱਖ ਖਾਣ ਪੀਣ ਵਾਲੀਆਂ ਅਤੇ ਖਿਡੌਣਿਆਂ ਦੀਆਂ ਦੁਕਾਨਾਂ ਦੇ ਪੰਡਾਲ ਸਜੇ ਹੋਏ ਸਨ। ਸੂਰਜ ਅਸਤ ਹੋਣ ਮੌਕੇ ਰਾਵਣ ਨੂੰ ਦਹਿਣ ਕਰਨ ਦਾ ਸਮਾਂ ਆਇਆ।ਉਸ ਕਲੱਬ ਜਾਂ ਕਮੇਟੀ ਦੇ ਪ੍ਰਧਾਨ ਨੇ ਕਾਗਜ਼ੀ ਰਾਵਣ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਚਾਰੇ ਪਾਸੇ ਪਟਾਕਿਆਂ ਤੇ ਆਤਿਸ਼ਬਾਜ਼ੀਆਂ ਦਾ ਸ਼ੋਰ ਮੱਚ ਗਿਆ। ਉਸ ਸ਼ੋਰ ਦੌਰਾਨ ਚਾਚੇ ਦੇ ਮੂੰਹੋਂ ਸਹਿਜ ਸੁਭਾਅ ਨਿਕਲਿਆ- ਵਾਹ, ਘੋਰ ਕਲਯੁਗ ਦਾ ਸਮਾਂ ਆ ਗਿਆ, ਅੱਜ ਅਸਲੀ ਰਾਵਣ ਨਕਲੀ ਰਾਵਣ ਨੂੰ ਫੂਕ ਰਿਹੈ। ਭਤੀਜੇ ਨੇ ਚਾਚੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦਿਆਂ ਪੁੱਛਿਆ, ਚਾਚਾ, ਨਕਲੀ ਤਾਂ ਠੀਕ ਹੈ ਪਰ ਇਹ ਅਸਲੀ ਰਾਵਣ ਕਿੱਦਾਂ ਹੋਇਆ।ਮੈਦਾਨ 'ਚੋਂ ਬਾਹਰ ਆਉਂਦਿਆਂ ਚਾਚੇ ਨੇ ਭਤੀਜੇ ਨੂੰ ਦੱਸਿਆ ਕਿ ਅੱਜ ਤੋਂ 20-25 ਸਾਲ ਪਹਿਲਾਂ ਜਦੋਂ ਇਹ ਪਿੰਡ ਰਹਿੰਦਾ ਸੀ, ਇਸ ਨੇ ਆਪਣੇ ਪਿੰਡ ਨਾਨਕਿਆਂ ਦੇ ਘਰ ਆਈ ਇੱਕ ਕੁੜੀ ਦੀ ਇੱਜ਼ਤ ਨਾਲ ਖੇਡ ਖ਼ਰਾਬਾ ਕੀਤਾ ਸੀ।ਉਸ ਸਮੇਂ ਮੀਡੀਏ ਦਾ ਇੰਨਾ ਜ਼ਿਆਦਾ ਜੋਰ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਡਰਾ ਧਮਕਾ ਕੇ ਜਾਂ ਕਿਸੇ ਲਾਲਚ ਵੱਸ ਸਮਝੌਤੇ ਉਪਰੰਤ ਮਹੀਨੇ ਕੁ ਬਾਅਦ ਹੀ ਪੁਲਿਸ ਗ੍ਰਿਫਤ 'ਚੋਂ ਬਾਹਰ ਆ ਗਿਆ ਸੀ। ਇਸ ਲਈ ਇਹੀ ਹੋਇਆ ਨਾ ਅਸਲੀ ਰਾਵਣ!

**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

# ਆਦਰਸ਼ ਅਧਿਆਪਕ : ਡਾ ਸਰਵਪੱਲੀ ਰਾਧਾਕ੍ਰਿਸ਼ਨਨ



ਅਧਿਆਪਕ ਸਮਾਜ ਦੇ ਅਜਿਹੇ ਸ਼ਿਲਪਕਾਰ ਹੁੰਦੇ ਹਨ ਜੋ ਬਿਨ੍ਹਾਂ ਕਿਸੇ ਮੋਹ ਦੇ ਇਸ ਸਮਾਜ ਨੂੰ ਤਰਾਸ਼ਦੇ ਹਨ।ਅਧਿਆਪਕ ਦਾ ਕੰਮ ਸਿਰਫ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਵਿਦਿਆਰਥੀਆਂ ਨੂੰ ਸਮਾਜਿਕ ਹਾਲਾਤਾਂ ਨਾਲ ਜਾਣੂ ਕਰਵਾਉਣਾ ਵੀ ਹੁੰਦਾ ਹੈ। ਅਧਿਆਪਕਾਂ ਦੀ ਇਸੇ ਮਹਾਨਤਾ ਨੂੰ ਸਹੀ ਥਾਂ ਦਿਲਾਉਣ ਦੇ ਲਈ ਹੀ ਸਾਡੇ ਦੇਸ਼ 'ਚ ਸਰਵਪੱਲੀ ਰਾਧਾਕ੍ਰਿਸ਼ਨਨ ਨੇ ਕੋਸ਼ਿਸ਼ਾਂ ਕੀਤੀਆਂ, ਜੋ ਖੁਦ ਵੀ ਇੱਕ ਬਿਹਤਰੀਨ ਅਧਿਆਪਕ ਸਨ।ਆਪਣੇ ਇਸ ਅਹਿਮ ਯੋਗਦਾਨ ਦੇ ਕਾਰਨ ਹੀ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ ਰਾਧਾਕ੍ਰਿਸ਼ਨਨ ਦੇ ਜਨਮਦਿਨ 5 ਸਤੰਬਰ ਨੂੰ ਭਾਰਤ 'ਚ ਅਧਿਆਪਕ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ।ਉਨ੍ਹਾਂ ਦੇ ਜਨਮਦਿਨ ਦੇ ਪ੍ਰਤੀ ਆਦਰ ਪ੍ਰਗਟ ਕੀਤਾ ਜਾਂਦਾ ਹੈ।

5 ਸਤੰਬਰ 1888 ਨੂੰ ਚੇਨਈ ਤੋਂ ਲਗਪਗ 200 ਕਿਲੋਮੀਟਰ ਉੱਤਰ - ਪੱਛਮ 'ਚ ਮੌਜੂਦ ਇੱਕ ਛੋਟੇ ਜਿਹੇ ਕਸਬੇ ਤਿਰੂਤਾਨੀ 'ਚ ਡਾ ਰਾਧਾਕ੍ਰਿਸ਼ਨਣ ਦਾ ਜਨਮ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਸਰਵਪੱਲੀ ਬੀ ਰਾਮਾਸਵਾਮੀ ਅਤੇ ਮਾਤਾ ਦਾ ਨਾਮ ਸ਼੍ਰੀਮਤੀ ਸੀਤਾ ਝਾ ਸੀ।ਰਾਮਰਸਵਾਮੀ ਇੱਕ ਗਰੀਬ ਬ੍ਰਹਾਮਣ ਸਨ ਅਤੇ ਤਿਰੂਤਾਨੀ ਕਸਬੇ ਦੇ ਜਿਮੀਂਦਾਰਾਂ ਦੇ ਕੋਲ ਇੱਸ ਸਾਧਾਰਣ ਕਰਮਚਾਰੀ ਦੇ ਤੌਰ 'ਤੇ ਕੰਮ ਕਰਦੇ ਹਨ।

ਡਾ ਰਾਧਾ ਕਿਸ਼ਨਣ ਆਪਣੇ ਪਿਤਾ ਦੀ ਦੂਜੀ ਸੰਤਾਨ ਸਨ ।ਉਨ੍ਹਾਂ ਦੇ ਚਾਰ ਭਰਾ ਅਤੇ ਇੱਕ ਛੋਟੀ ਭੈਣ ਸੀ ।ਛੇ ਭੈਣ - ਭਾਈ ਅਤੇ ਦੋ ਮਾਤਾ -ਪਿਤਾ ਨੂੰ ਮਿਲਾ ਕੇ ਅੱਠ ਮੈਂਬਰੀ ਇਸ ਪਰਿਵਾਰ ਦਾ ਆਮਦਨ ਕਾਫੀ ਸੀਮਤ ਸੀ।ਇਸ ਸੀਮਤ ਆਮਦਨ 'ਚ ਵੀ ਡਾ ਰਾਧਾਕ੍ਰਿਸ਼ਨਨ ਨੇ ਸਿੱਧ ਕਰ ਦਿੱਤਾ ਕਿ ਹੁਨਰ ਕਿਸੇ ਦਾ ਮੁਹਤਾਜ ਨਹੀਂ ਹੁੰਦਾ।ਉਨ੍ਹਾਂ ਨੇ ਨਾ ਸਿਰਫ ਮਹਾਨ ਸਿੱਖਿਆ ਸ਼ਾਸਤਰੀ ਦੇ ਰੂਪ 'ਚ ਸ਼ੋਹਰਤ ਹਾਸਿਲ ਕੀਤੀ ਸਗੋਂ ਦੇਸ਼ ਦੇ ਸੱਭ ਤੋਂ ਓੁੱਚੇ ਅਹੁੱਦੇ ਰਾਸ਼ਟਰ ਪਤੀ ਪਦ 'ਤੇ ਵੀ ਬਿਰਾਜਮਾਨ ਹੋਏ।

ਆਜਾਦ ਭਾਰਤ ਦੇ ਪਹਿਲੇ ਉੱਪ ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਬਚਪਨ ਤੋਂ ਹੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।ਸਰਵਪੱਲੀ ਰਾਧਾਕ੍ਰਿਸ਼ਨਨ ਦਾ ਸ਼ੁਰੂਆਤੀ ਜੀਵਨ ਤਿਰੂਤਾਨੀ ਅਤੇ ਤਿਰੂਪਤੀ ਜਿਹੀਆਂ ਧਾਰਮਕ ਥਾਂਵਾ ਤੇ ਬੀਤਿਆ।ਹਾਲਾਂਕਿ ਇਨ੍ਹਾਂ ਦੇ ਪਿਤਾ ਧਾਰਮਕ ਵਿਚਾਰਾਂ ਦੇ ਸਨ ਪਰ ਫਿਰ ਵੀ ਉਨ੍ਹਾਂ ਨੇ ਇਨ੍ਹਾਂ ਨੂੰ ਪੜ੍ਹਨ ਦੇ ਲਈ ਕ੍ਰਿਸ਼ਚਨ ਮਿਸ਼ਨਰੀ ਸੰਸਥਾ, ਲੁਧਨ ਮਿਸ਼ਨ ਸਕੂਲ, ਤਿਰੂਪਤੀ 'ਚ ਦਾਖਲਾ ਦਵਾਇਆ।ਇਸ ਤੋਂ ਬਾਅਦ ਉਨ੍ਹਾਂ ਨੇ ਬੇਲੂਰੂ ਅਤੇ ਮਦਰਾਸ ਕਾਲੱਜਾਂ 'ਚ ਸਿੱਖਿਆ ਪ੍ਰਾਪਤ ਕੀਤੀ।ਉਥੇ ਡਾ ਰਾਧਾਕ੍ਰਿਸ਼ਨਨ ਸ਼ੁਰੂ ਤੋਂ ਹੀ ਇੱਕ ਹੋਣਹਾਰ ਵਿਦਿਆਰਥੀ ਦੇ ਰੂਪ 'ਚ ਉੱਭਰ ਕੇ ਸਾਹਮਣੇ ਆਏ।ਆਪਣੇ ਵਿਦਿਆਰਥੀ ਜੀਵਨ 'ਚ ਹੀ ਉਨ੍ਹਾਂ ਨੇ ਬਾਈਬਲ ਦੇ ਮਹੱਤਵਪੂਰਣ ਅਤੇ ਅੰਸ਼ ਯਾਦ ਕਰ ਲਏ ਸਨ, ਜਿਸਦੇ ਲਈ ਉਨ੍ਹਾਂ ਨੂੰ ਵਿਸ਼ੇਸ਼ ਯੋਗਤਾ ਦਾ ਸਨਮਾਨ ਵੀ ਪ੍ਰਦਾਨ ਕੀਤਾ ਗਿਆ ਸੀ।ਉਨ੍ਹਾਂ ਨੇ ਵੀਰ ਸਾਰਵਕਰ ਅਤੇ ਵਿਵੇਕਾਨੰਦ ਦੇ ਆਦਰਸ਼ਾਂ ਦਾ ਵੀ ਡੂੰਘਾਈ ਨਾਲ ਅਧਿਅਨ ਕਰ ਲਿਆ ਸੀ। ਸਨ 1902 'ਚ ਉਨ੍ਹਾਂ ਨੇ ਮੈਟ੍ਰਿਕ ਦੀ ਪੜਾਈ ਚੰਗੇ ਅੰਕਾ ਨਾਲ ਪਾਸ ਕੀਤੀ ਜਿਸਦੇ ਲਈ ਉਨ੍ਹਾਂ ਨੂੰ ਵਜੀਫਾ ਵੀ ਦਿੱਤਾ ਗਿਆ।



ਕਲਾ ਫੈਕਲਟੀ ਦੀ ਬੈਚਲਰ ਪ੍ਰੀਖਿਆ 'ਚ ਉਹ ਪਹਿਲੇ ਸਥਾਨ 'ਤੇ ਆਏ।ਇਸ ਤੋਂ ਬਾਅਦ ਉਨ੍ਹਾਂ ਨੇ ਫਿਲਾਸਫੀ 'ਚ ਪੋਸਟਗ੍ਰੈਜੂਏਸ਼ਨ ਕੀਤੀ ਅਤੇ ਜਲਦ ਹੀ ਮਦਰਾਸ ਰੈਜੀਡੈਂਸੀ ਕਾਲੱਜ 'ਚ ਫਿਆਸਫੀ ਦੇ ਸਹਾਇਕ ਪ੍ਰੋਫੈਸਰ ਨਿਯੁਕਤ ਹੋ ਗਏ। ਡਾ ਰਾਧਾਕ੍ਰਿਸ਼ਨਨ ਨੇ ਆਪਣੇ ਲੇਖਾਂ ਅਤੇ ਭਾਸ਼ਣਾ ਦੇ ਰਾਹੀਂ ਵਿਸ਼ਵ ਨੂੰ ਭਾਰਤੀ ਫਿਲਾਸਫੀ ਦੇ ਨਾਲ ਜਾਣੂ ਕਰਵਾਇਆ। ਉਸ ਸਮੇਂ ਮਦਰਾਸ ਦੇ ਬ੍ਰਾਹਮਣ ਪਰਿਵਾਰਾਂ 'ਚ ਘੱਟ ਉਮਰ 'ਚ ਵਿਆਹ ਹੋ ਜਾਂਦੇ ਅਤੇ ਰਾਧਾਕ੍ਰਿਸ਼ਨਨ ਵੀ ਉਸ ਤੋਂ ਬਚ ਨਾ ਸਕੇ। 1903 'ਚ 16 ਸਾਲ ਦੀ ਉਮਰ 'ਚ ਹੀ ਉਨ੍ਹਾਂ ਦਾ ਵਿਆਹ ਹੋ ਗਿਆ।ਉਸ ਸਮੇਂ ਉਨ੍ਹਾਂ ਦੀ ਪਤਨੀ ਦੀ ਉਮਰ ਸਿਰਫ 10 ਸਾਲ ਸੀ। ਡਾ ਸਰਵਪੱਲੀ ਰਾਧਾਕ੍ਰਿਸ਼ਨਨ ਭਾਰਤੀ ਸੰਸਕ੍ਰਿਤੀ ਦੇ ਗਿਆਨੀ, ਇੱਕ ਮਹਾਨ ਸਿੱਖਿਆ ਵਿਦਵਾਨ, ਇੱਕ ਦਾਰਸ਼ਨਿਕ, ਮਹਾਨ ਬੁਲਾਰੇ ਹੋਣ ਦੇ ਨਾਲ ਇੱਕ ਵਿਗਿਆਨੀ ਹਿੰਦੂ ਵਿਚਾਰਕ ਵੀ ਸਨ।ਡਾ ਰਾਧਾਕ੍ਰਿਸ਼ਨਨ ਨੇ ਆਪਣੇ ਜੀਵਨ ਦੇ 40 ਸਾਲ ਇੱਕ ਅਧਿਆਪਕ ਦੇ ਰੂਪ 'ਚ ਬਿਤਾਏ।ਉਹ ਇੱਕ ਆਦਰਸ਼ ਅਧਿਆਪਕ ਸਨ। ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਪੁੱਤਰ ਡਾ ਐਸ ਗੋਪਾਨ ਨੇ 1989 'ਚ ਉਨ੍ਹਾਂ ਦੀ ਜੀਵਨੀ ਦਾ ਪ੍ਰਕਾਸ਼ਨ ਵੀ ਕੀਤਾ ।ਇਸ ਤੋਂ ਪਹਿਲਾਂ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜੀਵਨ ਅਤੇ ਸਖਸ਼ੀਅਤ ਦੇ ਬਾਰੇ ਕਿਸੇ ਨੂੰ ਵੀ ਜਾਣਕਾਰੀ ਨਹੀਂ ਸੀ। ਖੁਦ ਉਨ੍ਹਾਂ ਦੇ ਪੁੱਤਰ ਨੇ ਵੀ ਮੰਨਿਆ ਕਿ ਉਨ੍ਹਾਂ ਦੇ ਪਿਤਾ ਦੀ ਵਿਅਕਤੀਗਤ ਜਿੰਦਗੀ ਦੇ ਵਿਸ਼ੇ 'ਚ ਲਿਖਣਾ ਇੱਕ ਵੱਡੀ ਚੁਣੌਤੀ ਅਤੇ ਇੱਕ ਨਾਜ਼ੁਕ ਮਾਮਲਾ ਸੀ। ਪਰ ਡਾਕਟਰ ਐਸ਼ ਗੋਪਾਲ ਨੇ 1952 'ਚ ਨਿਓਯੌਰਕ 'ਚ ਲਾਈਬ੍ਰੇਰੀ ਆਫ ਲਿਵਿੰਗ ਫਿਲਾਸਫਰਜ਼ ਦੇ ਨਾਮ ਹੇਠਾਂ ਇੱਕ ਲੜੀ ਪੇਸ਼ ਕੀਤੀ ਜਿਸ ਵਿੱਚ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਬਾਰੇ 'ਚ ਅਧਿਕਾਰਿਕ ਰੂਪ 'ਚ ਲਿਖਿਆ ਗਿਆ ਸੀ।ਖੁਦ ਰਾਧਾਕ੍ਰਿਸ਼ਨਨ ਨੇ ਉਸ ਵਿੱਚ ਦਰਜ ਸਮੱਗਰੀ ਦਾ ਕਦੇ ਖੰਡਨ ਨਹੀਂ ਕੀਤਾ। ਇਸ ਸਮੇਂ ਡਾ ਰਾਧਾਕ੍ਰਿਸ਼ਨਨ ਆਪਣੀ ਪ੍ਰਤੀਭਾ ਦਾ ਲੋਹਾ ਮੰਨਵਾ ਚੁੱਕੇ ਸਨ। ਰਾਧਾਕ੍ਰਿਸ਼ਨਨ ਦੀ ਯੋਗਤਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸਵਿੰਧਾਨ ਨਿਰਮਾਣ ਸਭਾ ਦਾ ਮੈਂਬਰ ਬਣਾਇਆ ਗਿਆ ਸੀ। ਜਦੋਂ ਭਾਰਤ ਨੂੰ ਆਜਾਦੀ ਮਿਲੀ ਉਸ ਸਮੇਂ ਜਵਾਹਰ ਲਾਲ ਨਹਿਰੂ ਨੇ ਰਾਧਾਕ੍ਰਿਸ਼ਨਨ ਅੱਗੇ ਇਹ ਪ੍ਰਾਥਨਾ ਕੀਤੀ ਸੀ ਕਿ ਉਹ ਵਿਸ਼ੇਸ਼ ਰਾਜਨੀਤਿਕ ਕੰਮਾ ਨੂੰ ਪੂਰਾ ਕਰਨ। 1952 ਤੱਕ ਉਹ ਰਾਜਨਾਇਕ ਰਹੇ। ਇਸ ਤੋਂ ਬਾਅਦ ਉਨ੍ਹਾਂ ਨੂੰ ਉਪ ਰਾਸ਼ਟਰਪਤੀ ਦੇ ਪਦ 'ਤੇ ਨਿਯੁਕਤ ਕੀਤਾ ਗਿਆ। ਸੰਸਦ ਦੇ ਸਾਰੇ ਮੈਂਬਰਾਂ ਨੇ ਉਨ੍ਹਾਂ ਦੇ ਕੰਮਾ ਅਤੇ ਵਿਵਹਾਰ ਦੇ ਲਈ ਕਾਫੀ ਸਰਾਹਿਆ।1962 'ਚ ਰਜਿੰਦਰ ਪ੍ਰਸਾਦ ਦਾ ਕਾਰਜਕਾਲ ਸਮਾਪਤ ਹੋਣ ਤੋਂ ਬਾਅਦ ਰਾਧਾਕ੍ਰਿਸ਼ਨਨ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ। ਰਜਿੰਦਰ ਪ੍ਰਸਾਦ ਤੋਂ ਇਹਨਾ ਦਾ ਕਾਰਜਕਾਲ ਕਾਫੀ ਚੇਨੌਤੀਆਂ ਵਾਲਾ ਸੀ।ਕਿਉਂਕਿ ਜਿੱਥੇ ਇੱਕ ਪਾਸੇ ਚੀਨ ਦੇ ਨਾਲ ਭਾਰਤ ਨੂੰ ਹਾਰ ਦਾ ਸਾਹਮਾਣ ਕਰਨਾ ਪਿਆ ਤਾ ਉਥੇ ਦੂਜੇ ਪਾਸੇ ਦੋ ਪ੍ਰਧਾਨ ਮੰਤਰੀਆਂ ਦੀ ਮੌਤ ਵੀ ਇਨ੍ਹਾਂ ਦੇ ਕਾਰਜਕਾਲ ਦੌਰਾਨ ਹੋਈ ਸੀ।1967 ਦੇ ਗਣਤੰਤਰ ਦਿਵਸ 'ਤੇ ਡਾਕਟਰ ਸਰਵਪੱਲੀ ਨੇ ਦੇਸ਼ ਨੂੰ ਸੰਬੋਧਨ ਕਰਦੇ ਹੋਏ ਇਹ ਸਪੱਸ਼ਟ ਕੀਤਾ ਕਿ ਉਹ ਹੁਣ ਰਾਸ਼ਟਰਪਤੀ ਨਹੀ ਬਣਨਾ ਚਾਹੁੰਦੇ।ਬਾਅਦ 'ਚ ਕਾਂਗ੍ਰਸ ਦੇ ਨੇਤਾਵਾਂ ਨੇ ਇਸਦੇ ਲਈ ਉਨ੍ਹਾਂ ਨੂੰ ਕਈ ਵਾਰ ਮਨਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੇ ਆਪਣੀ ਘੋਸ਼ਨਾ 'ਤੇ ਅਮਲ ਕੀਤਾ।

ਸਿੱਖਿਆ ਅਤੇ ਰਾਜਨੀਤੀ 'ਚ ਉਚੇਚਾ ਯੋਗਦਾਨ ਦੇਣ ਦੇ ਲਈ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ ਰਜਿੰਦਰ ਪ੍ਰਸਾਦ ਨੇ ਮਹਾਨ ਫਿਲਾਸਫਰ ਅਤੇ ਲੇਖਕ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਦੇਸ਼ ਦਾ ਸਰਵ ਉੱਚ ਪੁਰਸਕਾਰ ਭਾਰਤ ਰਤਨ ਪ੍ਰਦਾਨ ਕੀਤਾ।

ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਮਰਨ ਉਪਰੰਤ ਉਨ੍ਹਾਂ ਨੂੰ ਮਾਰਚ 1975 'ਚ ਅਮਰੀਕੀ ਸਰਕਾਰ ਵੱਲੋਂ ਟ੍ਰੈਂਪਲਟਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਧਰਮ ਖੇਤਰ ਦੇ ਕਲਿਆਣ ਦੇ ਲਈ ਪ੍ਰਦਾਨ ਕੀਤਾ ਜਾਂਦਾ ਹੈ।ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਗੈਰ ਇਸਾਈ ਭਾਈਚਾਰੇ ਦੇ ਵਿਅਕਤੀ ਸਨ।

ਡਾ ਸਰਵਪੱਲੀ ਰਾਧਾਕ੍ਰਿਸ਼ਨਨ ਸਮਾਜਿਕ ਬੁਰਾਈਆਂ ਨੂੰ ਹਟਾਉਣ ਦੇ ਲਈ ਸਿੱਖਿਆ ਨੂੰ ਹੀ ਕਾਰਗਰ ਮੰਨਦੇ ਸਨ।ਸਿੱਖਿਆ ਨੂੰ ਮਨੁੱਖ ਅਤੇ ਸਮਾਜ ਦਾ ਸਭ ਤੋਂ ਵੱਡਾ ਆਧਾਰ ਮੰਨਣ ਵਾਲੇ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦਾ ਸਿੱਖਿਆ ਜਗਤ 'ਚ ਨਾ ਭੁਲਣ ਯੋਗ ਅਤੇ ਲਾਸਾਨੀ ਯੋਗਦਾਨ ਰਿਹਾ ਹੈ।

ਜੀਵਨ ਦੇ ਸਫਰ 'ਚ ਉੱਚੇ ਅਹੁਦਿਆਂ 'ਤੇ ਰਹਿਣ ਦੇ ਦੌਰਾਨ ਸਿੱਖਿਆ ਜਗਤ 'ਚ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਬਣਿਆ ਰਿਹਾ। 17 ਅਪ੍ਰੈਲ, 1975 ਨੂੰ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਨੇ ਲੰਬੀ ਬਿਮਾਰੀ ਤੋਂ ਬਾਅਦ ਆਪਣੀ ਦੇਹ ਤਿਆਗ ਦਿੱਤੀ। ਪਰ ਸਿੱਖਿਆ ਜਗਤ 'ਚ ਉਨ੍ਹਾਂ ਦੇ ਕੰਮਾਂ ਅਤੇ ਯੋਗਦਾਨ ਕਰਕੇ ਅੱਜ ਵੀ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ।

**ਹਰਪ੍ਰੀਤ ਸਿੰਘ ਬਰਾੜ**
**ਸਾਬਕਾ ਡੀ ਓ 174 ਮਿਲਟਰੀ ਹਸਪਤਾਲ**
**ਮੇਨ ਏਅਰ ਫੋਰਸ ਰੋਡ,ਬਠਿੰਡਾ**

# ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ

ਇੱਕ ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿੱਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ ਪੜਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਹਨਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿੱਚ ਖੜ੍ਹਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿੱਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ।

ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜਿੰਦਗੀ ਵਿੱਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ। ਅਧਿਆਪਕ ਵੱਲੋਂ ਉਤਸ਼ਾਹਤ ਵਿਦਿਆਰਥੀ ਜਿੰਦਗੀ ਵਿੱਚ ਕਾਮਯਾਬ ਜ਼ਰੂਰ ਹੁੰਦਾ ਹੈ, ਬੇਸ਼ੱਕ ਉਹ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਦਾ ਰਹੇ। ਮੌਜੂਦਾ ਸਮੇਂ ਵਿੱਚ ਸਾਡੇ ਵਿੱਚ ਬਦਲਾਅ ਆਏ ਹਨ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਕਿਤੇ ਨਾ ਕਿਤੇ ਟੁੱਟਦਾ ਨਜ਼ਰ ਆ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਖਾਮੀਆਂ ਸਾਹਮਣੇ ਆ ਰਹੀਆਂ ਹਨ। ਇਹ ਸੱਭ ਕੁੱਝ ਉਦੋਂ ਵਾਪਰਿਆ ਜਦੋਂ ਅਧਿਆਪਕਾਂ ਨੇ ਇਸ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਉਹ ਆਪਣੇ ਵਿਦਿਆਰਥੀ ਨੂੰ ਆਪਣੇ ਗ੍ਰਾਹਕ ਵਜੋਂ ਦੇਖਣ ਲੱਗ ਪਏ। ਸ਼ਾਇਦ ਇਹ ਵੀ ਇੱਕ ਕਾਰਣ ਹੈ ਕਿ ਵਿਦਿਆਰਥੀ ਮਨਾਂ ਵਿੱਚ ਅਧਿਆਪਕ ਪ੍ਰਤੀ ਪਿਆਰ, ਸਤਿਕਾਰ ਖਤਮ ਹੋ ਚੁੱਕਿਆ ਹੈ। ਜਦਕਿ ਵਿਦਿਆਰਥੀ ਵੀ ਆਪਣੀ ਜਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹਨ ਕਿਉਂ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬੱਚੇ ਘਰ ਵਿੱਚ ਆਪਣੇ ਮਾਤਾ ਪਿਤਾ ਨਾਲ ਕਰਦੇ ਹਨ।



**ਰਾਜਿੰਦਰ ਰਾਣੀ**
**ਤੀਜਾ ਸਥਾਨ**

ਜੋ ਵੀ ਹੋਵੇ ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀਆਂ ਦੀ ਜਿੰਦਗੀ ਵਿੱਚ ਕਾਮਯਾਬੀ ਹਾਸਲ ਕਰ ਸਕੇ।

ਆਉ ! ਅੱਜ ਅਧਿਆਪਕ ਦਿਵਸ ਮਨਾਉਂਦੇ ਹੋਏ ਮੌਜੂਦਾ ਦੌਰ ਵਿੱਚ ਆ ਚੁੱਕੇ ਬਦਲਾਵਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਈਏ।

ਅਜਿਹੇ ਸਮੇਂ ਚ' ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉੱਚ ਅਹੁਦਿਆਂ ਤੇ ਪਹੁੰਚਦਾ ਦੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਅਧਿਆਪਕ ਦਾ ਕਿੱਤਾ ਦੁਨੀਆਂ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤਿਕਾਰ ਵਾਲਾ ਹੈ।

ਅਧਿਆਪਕ ਦਿਵਸ ਹਰ ਸਾਲ 5 ਸਤੰਬਰ ਨੂੰ ਬਹੁਤ ਹੀ ਉਤਸ਼ਾਹ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ ਇਸ ਦਾ ਮੁੱਖ ਮੰਤਵ ਹੈ ਅਧਿਆਪਕ ਵਰਗ ਨੂੰ ਸਹਿਯੋਗ ਅਤੇ ਉੱਚਿਤ ਸਨਮਾਨ ਦੇਣਾ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੰਗੇ ਨਾਗਰਿਕ ਬਣਾਇਆ ਜਾ ਸਕੇ। ਇਸੇ ਕਾਰਨ ਭਾਰਤ ਵਿੱਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਰਵਪਲੀ ਡਾ. ਰਾਧਾ ਕ੍ਰਿਸ਼ਨ ਜੀ ਦੇ ਜਨਮ ਦਿਨ ਭਾਵ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ (ਉਨ੍ਹਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸਮਾਜ ਲਈ ਕੀਤੇ ਗਏ ਕੰਮਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਚਿੰਨ ਦੇ ਰੂਪ 'ਚ) ਮਨਾਇਆ ਜਾਂਦਾ ਹੈ। ਡਾ. ਰਾਧਾ ਕ੍ਰਿਸ਼ਨ ਸਿੱਖਿਆ ਦੇ ਉੱਚ ਕੋਟੀ ਦੇ ਵਿਦਵਾਨ, ਚੰਗੇ ਲੇਖਕ, ਇਮਾਨਦਾਰ , ਅਤੇ ਇੱਕ ਆਦਰਸ਼ ਅਧਿਆਪਕ ਸਨ। ਉਨ੍ਹਾਂ ਦੇ ਅਧਿਆਪਕ ਦੇ ਕਿੱਤੇ ਨਾਲ ਬੇਹੱਦ ਲਗਾਓ ਦੇ ਕਾਰਨ ਹੀ ਉਹਨਾਂ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਾਂ-ਬਾਪ ਮਿਲਕੇ ਬੱਚੇ ਨੂੰ ਅਰਸ਼ ਤੋਂ ਫਰਸ਼ ਤੱਕ ਲਿਆਉਣ ਦਾ ਸਫਰ ਤੈਅ ਕਰਵਾਉਂਦੇ ਹਨ ਤੇ ਇੱਕ ਅਧਿਆਪਕ ਆਪਣੀ ਯੋਗਤਾ, ਸਮਰੱਥਾ, ਲਗਨ ਅਤੇ ਸਮਰਪਣ ਦੇ ਨਾਲ ਬੱਚੇ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਨਿਭਾਉਂਦਾ ਹੈ। ਅਧਿਆਪਕ ਹੀ ਹਰੇਕ ਵਿਦਿਆਰਥੀ ਦੀ ਯੋਗਤਾ ਨੂੰ ਸਮਝ ਕੇ ਉਸਦੀ ਯੋਗਤਾ ਅਤੇ ਸਮਰੱਥਾ ਦੇ ਅਨੁਸਾਰ ਉਸਦੇ ਹੁਨਰ ਦੇ ਭਾਂਡੇ ਦੀ ਤਰ੍ਹਾਂ ਤਰਾਸ਼ ਕੇ ਉਸ ਨੂੰ ਹੀਰਾ ਬਣਾ ਦਿੰਦਾ ਹੈ । ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਇੱਕ ਚੰਗਾ ਅਧਿਆਪਕ ਚੰਗੀ ਸਿੱਖਿਅਕ ਪੱਧਰ ਦੀ ਨੀਂਹ ਹੈ ਜਿਸ ਤੋਂ ਬਿਨ੍ਹਾਂ ਮਿਆਰੀ ਸਿੱਖਿਆ ਦੇਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਪਰ ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਅੱਜ ਇਸ ਤਰ੍ਹਾਂ ਦੇ ਚੰਗੇ ਅਧਿਆਪਕਾਂ ਦੀ ਦੇਸ਼ ਵਿੱਚ ਕਾਫੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ।

ਪੁਰਾਣੇ ਸਮੇਂ ਤੋਂ ਹੀ ਭਾਰਤ 'ਚ ਗੁਰੂ ਜਾਂ ਅਧਿਆਪਕ ਦਾ ਬਹੁਤ ਸਨਮਾਨ ਕੀਤਾ ਜਾਂਦਾ ਰਿਹਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਸੀ ਕਿ ਅੱਜ ਦੇਸ਼ ਦੇ ਨਿਰਮਾਤਾ ਨੂੰ ਠੇਕੇ ਤੇ ਤਨਖਾਹਾਂ (ਮਜਦੂਰਾਂ ਨਾਲੋਂ ਵੀ ਘੱਟ) ਤੇ ਭਰਤੀ ਕਰਨ ਦੇ ਕਾਰਨ ਉਹ ਖੁਦ ਹੀ ਆਰਥਿਕ ਜਰੂਰਤਾਂ ਨੂੰ ਪੂਰਾ ਕਰਨ ਦੀ ਘੁੰਮਣ ਘੇਰੀ ਵਿੱਚ ਫਸਿਆ ਮਹਿਸੂਸ ਕਰ ਰਿਹਾ ਹੈ। ਜੇਕਰ ਅਸੀਂ ਅਧਿਆਪਕ ਨੂੰ ਦੇਸ਼ ਜਾਂ ਸਮਾਜ ਦਾ ਨਿਰਮਾਤਾ ਕਹਿ ਕੇ ਫੋਕਾ ਸਨਮਾਨ ਦੇਣ ਦੀ ਬਜਾਏ ਉਸ ਦੀਆਂ ਜਾਇਜ਼ ਸਮੱਸਿਆਵਾਂ ਨੂੰ ਹੱਲ ਕਰਕੇ ਉਸ ਨੂੰ ਆਰਥਿਕ ਅਤੇ ਮਾਨਸਿਕ ਤੌਰ ਤੇ ਸਤੁੰਸ਼ਟ ਕਰਨ ਦੀ ਕੋਸ਼ਿਸ ਕਰੀਏ ਤਾਂ ਦੇਸ਼ ਦੀਆਂ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਕਿਉਂਕਿ ਇੱਕ ਸਤੁੰਸ਼ਟ ਵਿਅਕਤੀ ਆਪਣੇ ਕਿੱਤੇ ਦੇ ਪ੍ਰਤੀ ਸਮਰਪਿੱਤ ਹੋ ਸਕਦਾ ਹੈ ਅਤੇ ਸਤੁੰਸ਼ਟ ਨਾਗਰਿਕ ਪੈਦਾ ਕਰਕੇ, ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਲਈ ਸਕੂਲਾਂ ਵਿੱਚ ਭਰਤੀ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਅਧਿਆਪਕਵਿਦਿਆਰਥੀ ਅਨੁਪਾਤ ਨੂੰ ਠੀਕ ਕੀਤਾ ਜਾਵੇ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਸਮਝ ਸਕੇ ਅਤੇ ਉਹਨਾਂ ਨਾਲ ਭਾਵਨਾਤਮਕ ਲਗਾਓ ਬਣਾ ਸਕੇ। ਅਧਿਆਪਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਆਪ ਨੂੰ ਡਾ. ਰਾਧਾ ਕ੍ਰਿਸ਼ਨਨ ਦੀ ਤਰ੍ਹਾਂ ਰੂਪ ਵਿੱਚ ਦੇਸ਼ ਦਾ ਨਿਰਮਾਤਾ ਬਣਾਉਣ ਲਈ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਹਰ ਸਮੇਂ ਤਿਆਰ ਰੱਖੇ। ਆਪਣੇ ਨਿੱਜੀ ਹਿੱਤਾਂ ਦਾ ਦੇਸ਼ ਦੇ ਹਿੱਤਾਂ ਲਈ ਤਿਆਗ ਕਰਨ। ਆਪਣੇ ਆਪ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਦਿਆਰਥੀਆਂ ਲਈ ਅਤੇ ਸਮਾਜ ਲਈ ਰੋਲ ਮਾਡਲ ਬਣ ਕੇ ਦਿਖਾਉਣ। ਜਿਸ ਤਰ੍ਹਾਂ ਮੋਮਬੱਤੀ ਖੁਦ ਜਲ ਕਿ ਦੂਜਿਆਂ ਨੂੰ ਰੌਸ਼ਨੀ ਦੇ ਕੇ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਦੀ ਆ ਰਹੀ ਹੈ ਉਸੇ ਤਰ੍ਹਾਂ ਅਧਿਆਪਕ ਵਰਗ ਨੂੰ ਵੀ ਆਪਣੀਆਂ ਸੁੱਖ ਸੁਵਿਧਾਵਾਂ, ਆਪਣੀਆਂ ਇੱਛਾਵਾਂ, ਆਪਣੇ ਨਿੱਜੀ ਹਿੱਤਾਂ ਆਦਿ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਕੁਰਬਾਨ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਅਮੀਰ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਆਦਿ ਲਈ ਜਰੂਰੀ ਹੈ ਕਿ ਅਧਿਆਪਕ ਦੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਵੇ।

**ਰਾਜਿੰਦਰ ਰਾਣੀ ਪਿੰਡ ਗੰਢੂਆਂ ਜਲ੍ਹਿਾ ਸੰਗਰੂਰ**
8146859585

# ਬਦਲਦੇ ਸਮੇਂ ਵਿੱਚ ਸਿੱਖਿਆ



ਲੋਕ ਬੜੀ ਆਸ ਨਾਲ ਸਕੂਲਾਂ ਵੱਲ ਦੇਖ ਰਹੇ ਹਨ। ਸਰਕਾਰਾਂ ਲਈ ਆਪਣੀ ਭਰੋਸੇਯੋਗਤਾ ਬਣਾਉਣ ਅਤੇ ਸਰਕਾਰੀ ਸਕੂਲਾਂ ਦੀ ਭਰੋਸੇਯੋਗਤਾ ਵਾਪਸ ਕਰਨ ਦਾ ਇਹ ਇੱਕ ਸਾਨਦਾਰ ਮੌਕਾ ਹੈ. ਚੀਨ ਨੇ ਇਸ ਦਿਸਾ ਵਿੱਚ ਗੰਭੀਰ ਕਦਮ ਚੁੱਕੇ ਹਨ।

ਕੋਰੋਨਾ ਕਾਰਨ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਨੇ ਚੁਣੌਤੀਆਂ ਨੂੰ ਕਈ ਗੁਣਾ ਵਧਾ ਦਿੱਤਾ ਹੈ. ਇਸ ਵਿੱਚ ਕਮੀ ਸਿਰਫ ਨਵੀਂ ਸੋਚ, ਵਧੇਰੇ ਯਤਨਾਂ ਅਤੇ ਨਵੀਨਤਾਵਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ

ਸਿੱਖਿਆ ਪ੍ਰਣਾਲੀ ਉਨ੍ਹਾਂ ਖੇਤਰਾਂ ਵਿੱਚ ਸਾਮਲ ਕੀਤੀ ਗਈ ਹੈ, ਜੋ ਪਰਿਵਰਤਨ ਨੂੰ ਸਵੀਕਾਰ ਕਰਨ ਲਈ ਹਰ ਕਿਸਮ ਦੇ ਵਿਰੋਧ ਨੂੰ ਪੇਸ ਕਰਦੇ ਹਨ. ਤਬਦੀਲੀ ਦੀ ਪ੍ਰਵਾਨਗੀ ਲਈ ਢੁਕਵਾਂ ਮਾਹੌਲ ਉਦੋਂ ਹੀ ਸਿਰਜਿਆ ਜਾ ਸਕਦਾ ਹੈ ਜਦੋਂ ਅਧਿਆਪਕ-ਵਰਗ ਪ੍ਰਸਤਾਵਿਤ ਤਬਦੀਲੀਆਂ ‘ਤੇ ਭਰੋਸਾ ਰੱਖਦਾ ਹੈ ਅਤੇ ਇਸ ਨੂੰ ਜਮੀਰ ਦੁਆਰਾ ਲਾਗੂ ਕਰਨ ਲਈ ਤਿਆਰ ਹੈ, ਨਾ ਕਿ ਆਦੇਸ ਦੁਆਰਾ. ਇਹ ਸਥਿਤੀ ਅਸੰਭਵ ਨਹੀਂ ਹੈ. ਇਸ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ.

ਸਕੂਲ ਸਾਡੀ ਧਾਰਨਾ ਵਿੱਚ ਸਥਾਈ ਤੌਰ ਤੇ ਛਾਪੇ ਗਏ ਹਨ. ਪਰਿਵਾਰ ਆਪਣੇ ਬੱਚਿਆਂ ਨੂੰ ਸਕੂਲ ਭੇਜਦੇ ਹਨ ਅਤੇ ਉਨ੍ਹਾਂ ਦੇ ਅਧਿਆਪਕਾਂ ਤੋਂ ਉਨ੍ਹਾਂ ਨੂੰ ਉਹ ਸਭ ਕੁਝ ਸਿਖਾਉਣ ਦੀ ਉਮੀਦ ਕਰਦੇ ਹਨ ਜੋ ਉਨ੍ਹਾਂ ਦੀ ਸਖਸੀਅਤ ਦੇ ਹਰ ਪਹਿਲੂ ਨੂੰ ਵਧਾਏਗਾ. ਇਸ ਵਿੱਚ ਗੁਜਾਰੇ ਲਈ ਲੋੜੀਂਦੇ ਗੁਣ ਅਤੇ ਹੁਨਰ ਸਾਮਲ ਹੋਣਗੇ. ਗਿਆਨਵਾਨ ਪਰਿਵਾਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਜੀਵਨ ਦੀ ਵਿਵਸਥਾ ਕਰਦਿਆਂ, ਹਰ ਨੌਜਵਾਨ ਨੂੰ ਅੱਗੇ ਵਧਣ, ਲੋਕ ਭਲਾਈ ਅਤੇ ਰਾਸਟਰੀ ਹਿੱਤ ਵਿੱਚ ਸਾਮਲ ਹੋਣ ਲਈ ਹਮੇਸਾਂ ਤਿਆਰ ਰਹਿਣਾ ਚਾਹੀਦਾ ਹੈ ਬੱਚਾ ਅਤੇ ਅਧਿਆਪਕ ਦੋਵੇਂ ਕਿੰਨੇ ਸਫਲ ਸਨ, ਇਸਦਾ ਨਿਰਣਾ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੁਆਰਾ ਕੀਤਾ ਜਾਂਦਾ ਹੈ. ਪਰ ਜਦੋਂ ਤੱਕ ਅਸੀਂ ਅਜਿਹੀ ਸਥਿਤੀ ਵਿੱਚ ਆਉਂਦੇ ਹਾਂ, ਜਿਸਨੂੰ ਸਾਰਿਆਂ ਦੁਆਰਾ ਸਧਾਰਨ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ - ਜਿੱਥੇ ਵੀ ਕੋਈ ਕਮੀਆਂ ਹੋਣ, ਜੋ ਵੀ ਹੋਵੇ, ਅਸਫਲਤਾ ਦਾ ਸਾਰਾ ਕਸੂਰ ਸਿਰਫ ਵਿਦਿਆਰਥੀ ਦੇ ਸਿਰ ਹੁੰਦਾ ਹੈ! ਅੱਜ ਤਕ ਕੋਈ ਵੀ ਪ੍ਰਿੰਸੀਪਲ, ਸਿੱਖਿਆ ਅਧਿਕਾਰੀ ਜਾਂ ਸਿੱਖਿਆ ਮੰਤਰੀ ਫੇਲ ਨਹੀਂ ਹੋਇਆ, ਸਿਰਫ ਲੱਖਾਂ ਵਿਦਿਆਰਥੀ ਹਰ ਸਾਲ ਫੇਲ ਹੁੰਦੇ ਹਨ

ਰੋਜਮਰ੍ਹਾ ਦੀਆਂ ਗਤੀਵਿਧੀਆਂ ਵਿੱਚ, ਅਧਿਆਪਨ-ਸਿੱਖਣ ਦੀ ਸਮੁੱਚੀ ਪ੍ਰਕਿਰਿਆ ਕੁਝ ਇਸ ਤਰ੍ਹਾਂ ਘੱਟ ਜਾਂਦੀ ਹੈ- ਕੇਂਦਰ ਦੇ ਕਹਿਣ ਤੇ ਅਤੇ ਰਾਜ ਸਰਕਾਰ ਦੇ ਪੱਧਰ ਤੇ, ਪਾਠਕ੍ਰਮ, ਸਿਲੇਬਸ ਅਤੇ ਪਾਠ ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ, ਅਧਿਆਪਕ ਹਨ ਸਿਲੇਬਸ ਨੂੰ ਪੂਰਾ ਕਰਨ ਦੇ ਨਿਰਦੇਸ ਦਿੱਤੇ ਗਏ ਹਨ ਬੱਚੇ ਪ੍ਰੀਖਿਆ ਪਾਸ ਕਰਨ ਲਈ ਜਾਂਦੇ ਹਨ, ਇਨ੍ਹਾਂ ਦੋਵਾਂ ਦੀਆਂ ਹੱਦਾਂ ਅਤੇ ਸੀਮਾਵਾਂ ਪਾਠਕ੍ਰਮ ਦੁਆਰਾ ਨਿਰਧਾਰਤ ਕੀਤੀਆਂ ਜਾਂਦੀਆਂ ਹਨ. ਸਕੂਲ ਬੋਰਡ ਵਿਦਿਆਰਥੀ ਦਾ ਮੁਲਾਂਕਣ ਕਰਦਾ ਹੈ ਅਤੇ ਕਿਸੇ ਵੀ ਸਕੂਲ ਦੀ ਵੱਕਾਰ ਅਤੇ ਸਾਖ ਵੀ ਮਾਪਿਆਂ ਦੁਆਰਾ ਬੋਰਡ ਪ੍ਰੀਖਿਆ ਦੇ ਨਤੀਜਿਆਂ ਦੇ ਅਧਾਰ ਤੇ ਨਿਰਧਾਰਤ ਕੀਤੀ




ਜਾਂਦੀ ਹੈ. ਇਹ ਸਭ ਕੁਝ ਬਹੁਤ ਸਾਰੀਆਂ ਪੀੜ੍ਹੀਆਂ ਤੋਂ ਬਿਨਾਂ ਕਿਸੇ ਬਦਲਾਅ ਦੇ ਵਾਪਰ ਰਿਹਾ ਹੈ.

ਪਰ ਜਿਵੇਂ ਜਿਵੇਂ ਸਿੱਖਿਆ ਦਾ ਪ੍ਰਸਾਰ ਵਧਿਆ ਹੈ, ਇਸ ਨੂੰ ਬਦਲਣ ਦੀਆਂ ਕੋਸਸਿਾਂ ਵੀ ਸੁਰੂ ਹੋ ਗਈਆਂ ਹਨ. ਅੱਜ ਸਿੱਖਣ ਲਈ ਵਿਦਿਆਰਥੀ ਦੀ ਨਿਰਭਰਤਾ ਅਧਿਆਪਕ ਅਤੇ ਪਾਠ ਪੁਸਤਕਾਂ ਤੱਕ ਸੀਮਤ ਨਹੀਂ ਹੈ. ਹਰ ਕੋਈ ਇਸ ਤਬਦੀਲੀ ਤੋਂ ਜਾਣੂ ਹੈ. ਹੁਣ ਹਰ ਬੱਚੇ ਨੂੰ ਜਾਣਕਾਰੀ ਦੇ ਉਪਲਬਧ ਪੂਲ ਤੋਂ ਲੋੜੀਂਦਾ ਅਤੇ ਉਪਯੋਗੀ ਕਿਵੇਂ ਲੱਭਣਾ ਹੈ, ਸਿੱਖਣ ਨੂੰ ਜਾਰੀ ਰੱਖਣ ਦੇ ਹੁਨਰ ਨੂੰ ਕਿਵੇਂ ਵਿਕਸਤ ਕਰਨਾ ਹੈ ਅਤੇ ਜੀਵਨ ਲਈ ਸਿੱਖਦੇ ਰਹਿਣ ਲਈ ਕਿਵੇਂ ਤਿਆਰ ਰਹਿਣਾ ਹੈ ਬਾਰੇ ਸਿੱਖਣਾ ਹੈ.

ਸਿੱਖਿਆ ਵਿੱਚ ਨੀਤੀਆਂ ਬਦਲ ਗਈਆਂ ਹਨ, ਕਿਤਾਬਾਂ ਬਦਲ ਗਈਆਂ ਹਨ, ਸਮੇਂ ਦੇ ਨਾਲ ਪੜ੍ਹਾਉਣ ਦੇ ਢੰਗ ਬਦਲ ਗਏ ਹਨ, ਪਰ ਬਹੁਤੀਆਂ ਚਰਚਾਵਾਂ ਗੁਣਵੱਤਾ ਵਿੱਚ ਗਿਰਾਵਟ, ਉਪਯੋਗਤਾ, ਕਦਰਾਂ ਕੀਮਤਾਂ ਦੀ ਪ੍ਰਾਪਤੀ, ਆਦਰ ਅਤੇ ਸਿੱਖਿਆ ਵਿੱਚ ਅਧਿਆਪਕਾਂ ਦੀ ਸਵੀਕ੍ਰਿਤੀ ਵੱਲ ਇਸਾਰਾ ਕਰਦੀਆਂ ਹਨ. ਪਰਿਵਰਤਨ ਦੀ ਬੇਮਿਸਾਲ ਗਤੀ ਦੇ ਇਸ ਸਮੇਂ ਵਿੱਚ, ਸੁਚੇਤ ਅਤੇ ਸੁਚੇਤ ਸਿੱਖਿਆ ਪ੍ਰਣਾਲੀਆਂ ਇਸ ਤੱਥ ਵੱਲ ਧਿਆਨ ਦੇ ਰਹੀਆਂ ਹਨ ਕਿ ਕਿਸੇ ਵੀ ਵਰਗ ਨੂੰ ਮਨੁੱਖੀ ਸਕਤੀ ਦੀ ਵਰਤੋਂ ਵਿੱਚ ਅਸਫਲ ਘੋਸਤਿ ਕਰਨਾ ਅਤੇ ਇਸਦੀ ਕਿਸਮਤ ਤੇ ਛੱਡਣਾ ਨਾ ਤਾਂ ਸਹੀ ਹੈ, ਨਾ ਹੀ ਮਨੁੱਖੀ ਪੱਧਰ ਤੇ. ਸਵੀਕਾਰਯੋਗ ਹੈ.

ਹਰੇਕ ਬੱਚੇ ਨੂੰ ਉਸਦੀ ਕੁਦਰਤੀ ਪ੍ਰਤਿਭਾ ਵਿਕਸਤ ਕਰਨ ਦੇ ਮੌਕੇ ਪ੍ਰਦਾਨ ਕਰਨਾ ਸਕੂਲ ਅਤੇ ਪ੍ਰਣਾਲੀ ਦੀ ਜੰਿਮੇਵਾਰੀ ਹੈ, ਸਕੂਲ ਅਤੇ ਇਸਦੇ ਅਧਿਆਪਕਾਂ ਦੀ ਵੀ ਜੰਿਮੇਵਾਰੀ ਹੈ ਕਿ ਉਹ ਉਸਦੀ ਕੁਦਰਤੀ ਪ੍ਰਤਿਭਾ ਨੂੰ ਪਛਾਣਨ ਅਤੇ ਨਿਰਦੇਸਤ ਕਰਨ. ਇਸਦੇ ਲਈ, ਕੇਂਦਰ ਅਤੇ ਰਾਜ ਸਰਕਾਰਾਂ ਦੀ ਸੰਵਿਧਾਨਕ ਜੰਿਮੇਵਾਰੀ ਹੈ ਕਿ ਉਹ ਲੋੜੀਂਦੇ ਸਰੋਤ, ਸਿਖਲਾਈ ਅਤੇ ਢੁਕਵਾਂ ਵਾਤਾਵਰਣ ਪ੍ਰਦਾਨ ਕਰਨ. ਆਜਾਦੀ ਤੋਂ ਬਾਅਦ ਦੇ ਦਹਾਕਿਆਂ ਵਿੱਚ ਇਹ ਪੂਰੀ ਤਰ੍ਹਾਂ ਨਿਰਭਰ ਨਹੀਂ ਰਿਹਾ.

ਨਿੱਜੀ ਖੇਤਰ ਨੇ ਸਿੱਖਿਆ ਵਿੱਚ ਨਿਵੇਸ ਨੂੰ ਨਿਰਵਿਘਨ ਲਾਭ ਕਮਾਉਣ ਦੇ ਮੌਕੇ ਵਜੋਂ ਵੇਖਿਆ ਅਤੇ ਸਰਕਾਰਾਂ ਨੂੰ ਆਪਣੀ ਜੰਿਮੇਵਾਰੀ ਤੋਂ ਬਚਣ ਦਾ ਵਿਕਲਪ ਦਿੱਤਾ ਗਿਆ. ਸਮਾਜ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ। ਮੁਕਾਬਲਾ ਵਧਿਆ, ਰੁਜਗਾਰ ਦੇ ਮੌਕੇ ਘੱਟ ਗਏ, ਟਿਊਸਨ ਅਤੇ ਕੋਚਿੰਗ ਦਾ ਬਹੁਤ ਜਆਿਦਾ ਵਿਸਥਾਰ ਹੋਇਆ. ਸਖਸੀਅਤ ਵਿਕਾਸ, ਮਨੁੱਖੀ ਕਦਰਾਂ ਕੀਮਤਾਂ ਦੀ ਪ੍ਰਾਪਤੀ, ਚਰਿੱਤਰ ਨਿਰਮਾਣ ਵਰਗੀਆਂ ਸਾਰੀਆਂ ਉਮੀਦਾਂ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨ ਦੇ ਅਣਥੱਕ ਯਤਨਾਂ ਵਿੱਚ ਕਿਤੇ ਗੁਆਚ ਗਈਆਂ. ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਜਾਂ ਮਹਿੰਗੇ ਕੋਚਿੰਗ ਅਦਾਰੇ ਹੁਣ ਮੱਧ ਵਰਗ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ ਜੋ ਉਨ੍ਹਾਂ ਵੱਲ ਅੰਨ੍ਹੇਵਾਹ ਦੌੜ ਰਿਹਾ ਸੀ. ਇਸ ਨਾਲ, ਕੋਰੋਨਾ ਕਾਰਨ ਕਿੰਨੇ ਲੱਖ ਲੋਕਾਂ ਦੀ ਆਮਦਨੀ ਘਟੀ ਹੈ ਜਾਂ ਰੁਕ ਗਈ ਹੈ.

ਲੋਕ ਬੜੀ ਆਸ ਨਾਲ ਸਰਕਾਰੀ ਸਕੂਲਾਂ ਵੱਲ ਦੇਖ ਰਹੇ ਹਨ। ਸਰਕਾਰਾਂ ਲਈ ਆਪਣੀ ਭਰੋਸੇਯੋਗਤਾ ਬਣਾਉਣ ਅਤੇ ਸਰਕਾਰੀ ਸਕੂਲਾਂ ਦੀ ਭਰੋਸੇਯੋਗਤਾ ਵਾਪਸ ਕਰਨ ਦਾ ਇਹ ਇੱਕ ਸਾਨਦਾਰ ਮੌਕਾ ਹੈ. ਚੀਨ ਨੇ ਇਸ ਦਿਸਾ ਵਿੱਚ ਗੰਭੀਰ ਕਦਮ ਚੁੱਕੇ ਹਨ। ਭਾਰਤ ਵਿੱਚ ਇਹ ਰਵਾਇਤੀ ਤੌਰ ਤੇ ਕਿਹਾ ਜਾਂਦਾ ਰਿਹਾ ਹੈ ਕਿ ਸਿੱਖਿਆ ਦਾ ਖੇਤਰ ਵਪਾਰ ਕਰਨ ਲਈ ਨਹੀਂ ਹੈ. ਚੀਨ ਹੁਣ ਇਸਨੂੰ ਲਾਗੂ ਕਰ ਰਿਹਾ ਹੈ. ਉਹ ਸਫਲ ਹੋਵੇਗਾ, ਕਿਉਂਕਿ ਪਾਲਣ ਕਰਨ ਦੇ ਨਿਯਮ ਹਨ - ਭਾਵੇਂ ਸਿਸਟਮ ਦੀ ਜਿੰਨੀ ਵੀ ਆਲੋਚਨਾ ਕੀਤੀ ਜਾਵੇ. ਭਾਰਤ ਵਿੱਚ, ਨਿਯਮਾਂ ਦੀ ਪਾਲਣਾ ਸਿਰਫ ਕਾਗਜਾਂ ਤੇ ਕੀਤੀ ਜਾ ਸਕਦੀ ਹੈ.

ਹੁਣ ਵੀ ਪ੍ਰਾਈਵੇਟ ਸਕੂਲ ਨਿਯਮਾਂ ਅਨੁਸਾਰ ਲਾਭਅੰਸ ਨਹੀਂ ਕਮਾ ਸਕਦੇ, ਪਰ ਕੋਈ ਵੀ ਸਥਿਤੀ ਤੋਂ ਅਣਜਾਣ ਨਹੀਂ ਹੈ. ਸਿੱਖਿਅਤ ਵਰਗ ਨੂੰ ਰਾਸਟਰ ਨੂੰ ਸਮਝਾਉਣਾ ਚਾਹੀਦਾ ਹੈ ਕਿ ਟਿਊਸਨ ਅਤੇ ਕੋਚਿੰਗ ਬੱਚੇ ਦੀ ਸੋਚਣ ਸਕਤੀ ਅਤੇ ਸੰਕਲਪ ਸਕਤੀ ਨੂੰ ਨਿਰਾਸ ਕਰਦੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਉਤਸੁਕਤਾ ਅਤੇ ਰਚਨਾਤਮਕਤਾ ਨੂੰ ਕੁਚਲ ਦਿੰਦੀ ਹੈ. ਇਹ ਰੁਕਣਾ ਚਾਹੀਦਾ ਹੈ, ਭਾਵੇਂ ਸਾਨੂੰ ਚੀਨ ਤੋਂ ਸਿੱਖਣਾ ਪਵੇ.

ਪ੍ਰਾਚੀਨ ਭਾਰਤ ਦੀ ਗੁਰੂਕੁਲ ਪਰੰਪਰਾ ਨੂੰ ਮਾਣ ਨਾਲ ਵਿਚਾਰਿਆ ਜਾਂਦਾ ਹੈ, ਪਰ ਲੋਕਾਂ ਦੀ ਖਿੱਚ ਅਜੇ ਵੀ ਪ੍ਰਾਈਵੇਟ ਅੰਗਰੇਜੀ ਮਾਧਿਅਮ ਸਕੂਲਾਂ ਤੱਕ ਸੀਮਤ ਹੈ. ਤੇਜੀ ਨਾਲ ਤਬਦੀਲੀ ਦੇ ਯੁੱਗ ਵਿੱਚ, ਸਿੱਖਿਆ ਵਿੱਚ ਬਹੁਤ ਕੁਝ ਹੈ ਜੋ ਨਹੀਂ ਬਦਲ ਰਿਹਾ. ਅਧਿਆਪਕ ਸਿਖਲਾਈ ਸੰਸਥਾਵਾਂ ਵਿੱਚ ਦਾਖਲੇ ਲਈ ਪ੍ਰਤਿਭਾਸਾਲੀ ਨੌਜਵਾਨਾਂ ਨੂੰ ਆਕਰਸਤਿ ਕਰਨ ਦੀ ਸਭ ਤੋਂ ਵੱਡੀ ਲੋੜ ਹੈ. ਦੂਜਾ ਇਨ੍ਹਾਂ ਸੰਸਥਾਵਾਂ ਦੇ ਕਾਰਜ ਸੱਭਿਆਚਾਰ ਅਤੇ ਪਾਠਕ੍ਰਮ ਨੂੰਬੁਨਿਆਦੀ ਤੌਰ ‘ਤੇ ਬਦਲਣਾ ਹੈ. ਤਬਦੀਲੀ ਪ੍ਰਤੀ ਉਦਾਸੀਨਤਾ ਦੀ ਇੱਕ ਉਦਾਹਰਣ ਅਧਿਆਪਕ ਸਿਖਲਾਈ ਦੇ ਦੌਰਾਨ ਵਿਦਿਆਰਥੀ-ਅਧਿਆਪਕਾਂ ਦੁਆਰਾ ਬਣਾਈ ਗਈ ਪਾਠ ਯੋਜਨਾਵਾਂ ਹਨ. ਪਾਠ ਯੋਜਨਾਵਾਂ, ਜਿਵੇਂ ਕਿ ਉਹ ਪੰਜਾਹ ਸਾਲ ਪਹਿਲਾਂ ਬਣੀਆਂ ਸਨ, ਅਜੇ ਵੀ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਅੱਜ ਵੀ ਬਣਾਈਆਂ ਜਾ ਰਹੀਆਂ ਹਨ.

ਉਸੇ ਸਿਖਿਆਰਥੀ ਨੂੰ ਸਿੱਖਿਆ ਦੇ ਦਰਸਨ ਸਿਖਾਉਂਦੇ ਹੋਏ, ਉੱਘੇ ਸਿੱਖਿਆ ਸਾਸਤਰੀਆਂ ਦੇ ਹਵਾਲੇ ਨਾਲ ਵਿਸਥਾਰ ਨਾਲ ਸਮਝਾਇਆ ਗਿਆ ਹੈ ਕਿ ‘ਕੋਈ ਵੀ ਰਚਨਾਤਮਕ ਪਾਠ ਕਲਾਸਰੂਮ ਵਿੱਚ ਹੀ ਆਪਣਾ ਰੂਪ ਧਾਰ ਲੈਂਦਾ ਹੈ.‘ ਨੀਤੀ ਦੇ ਪੱਧਰ ਨੂੰ ਅੱਗੇ ਵਧਾਉਂਦੇ ਹੋਏ, ਇਸਦੇ ਅਨੁਮਾਨਤ ਲਾਗੂਕਰਨ ਲਈ ਰਵੱਈਏ ਵਿੱਚ ਡੂੰਘੀ ਤਬਦੀਲੀ ਦੀ ਲੋੜ ਹੋਵੇਗੀ. ਅਤੇ ਰਵੱਈਏ ਵਿੱਚ ਤਬਦੀਲੀ ਕਦੇ ਵੀ ਕਿਤੇ ਵੀ ਅਤੇ ਕਦੇ ਵੀ ਸੌਖੀ ਨਹੀਂ ਰਹੀ. ਸਿੱਖਿਆ ਪ੍ਰਣਾਲੀ ਉਨ੍ਹਾਂ ਖੇਤਰਾਂ ਵਿੱਚ ਸਾਮਲ ਕੀਤੀ ਗਈ ਹੈ, ਜੋ ਪਰਿਵਰਤਨ ਨੂੰ ਸਵੀਕਾਰ ਕਰਨ ਲਈ ਹਰ ਕਿਸਮ ਦੇ ਵਿਰੋਧ ਨੂੰ ਪੇਸ ਕਰਦੇ ਹਨ.

ਪਰਿਵਰਤਨ ਨੂੰ ਸਵੀਕਾਰ ਕਰਨ ਲਈ ਢੁਕਵਾਂ ਮਾਹੌਲ ਉਦੋਂ ਹੀ ਸਿਰਜਿਆ ਜਾਂਦਾ ਹੈ ਜਦੋਂ ਅਧਿਆਪਕ-ਵਰਗ ਪ੍ਰਸਤਾਵਿਤ ਤਬਦੀਲੀਆਂ ਦਾ ਯਕੀਨ ਰੱਖਦਾ ਹੋਵੇ, ਅਤੇ ਇਸਨੂੰ ਜਮੀਰ ਦੁਆਰਾ ਲਾਗੂ ਕਰਨ ਲਈ ਤਿਆਰ ਹੋਵੇ, ਨਾ ਕਿ ਆਦੇਸ ਦੁਆਰਾ. ਇਹ ਸਥਿਤੀ ਅਸੰਭਵ ਨਹੀਂ ਹੈ. ਇਸ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ. ਇਸ ਦੀ ਸੁਰੂਆਤ ਅਧਿਆਪਕ ਸਿਖਲਾਈ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਦੇ ਸਿੱਖਿਆ ਵਿਭਾਗਾਂ ਨਾਲ ਹੋਵੇਗੀ। ਨਵੀਂ ਸਿੱਖਿਆ ਨੀਤੀ ਵਿੱਚ ਅਜਿਹੇ ਬਹੁਤ ਸਾਰੇ ਤੱਤ ਉੱਭਰ ਕੇ ਸਾਹਮਣੇ ਆਏ ਹਨ, ਜੋ ਅਜਿਹੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਲਈ ਢੁੱਕਵਾਂ ਮਾਹੌਲ ਸਿਰਜਣ ਦੀ ਸਮਰੱਥਾ ਨਾਲ ਭਰਪੂਰ ਹਨ।

ਇੱਥੇ ਇਹ ਯਾਦ ਰੱਖਣਾ ਢੁੱਕਵਾਂ ਹੈ ਕਿ ਭਾਰਤ ਨੇ 2015 ਵਿੱਚ ਸਥਾਈ ਵਿਕਾਸ ਏਜੰਡਾ -2030 ਅਪਣਾਇਆ, ਜਿਸ ਦੇ ਅਨੁਸਾਰ ਭਾਰਤ ਨੂੰ ਵੀ-ਹੋਰਨਾਂ ਦੇਸਾਂ ਦੀ ਤਰ੍ਹਾਂ-2030 ਤੱਕ ‘ਸਾਰਿਆਂ ਲਈ ਸਮੁੱਚੀ ਅਤੇ ਸਮਾਨ ਗੁਣਵੱਤਾ ਦੀ ਸਿੱਖਿਆ ਅਤੇ ਜੀਵਨ ਭਰ ਸਿੱਖਿਆ‘ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।. ਕੋਰੋਨਾ ਕਾਰਨ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਨੇ ਚੁਣੌਤੀਆਂ ਨੂੰ ਕਈ ਗੁਣਾ ਵਧਾ ਦਿੱਤਾ ਹੈ. ਇਸ ਵਿੱਚ ਕਮੀ ਸਿਰਫ ਨਵੀਂ ਸੋਚ, ਵਧੇਰੇ ਯਤਨਾਂ ਅਤੇ ਨਵੀਨਤਾਵਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ.

ਕਿਹੜੀ ਵਾਅਦਾ ਕਰਨ ਵਾਲੀ ਗੱਲ ਇਹ ਹੈ ਕਿ ਨਵੀਂ ਸਿੱਖਿਆ ਨੀਤੀ ਸਪੱਸਟ ਰੂਪ ਤੋਂ ਮਾਨਤਾ ਦਿੰਦੀ ਹੈ ਕਿ ‘ਹਰ ਪੱਧਰ‘ ਤੇ ਅਧਿਆਪਕਾਂ ਨੂੰ ਸਮਾਜ ਦੇ ਸਭ ਤੋਂ ਸਤਿਕਾਰਤ ਅਤੇ ਜਰੂਰੀ ਮੈਂਬਰਾਂ ਵਜੋਂ ਦਰਜਾ ਦਿੱਤਾ ਜਾਣਾ ਚਾਹੀਦਾ ਹੈ‘.




**ਵਿਜੈ ਗਰਗ ਸਾਬਕਾ ਪੀਈਐਸ -1**
**ਰਿਟਾਇਰਡ ਪ੍ਰਿੰਸੀਪਲ,**
**ਸਿੱਖਿਆ ਸਾਸਤਰੀ,**
**ਮਲੋਟ ਪੰਜਾਬ**

# ਲੋਕ ਜੀਵਨ ਵਿੱਚ ਗਹਿਣੇ...



ਡਾ.ਪ੍ਰਿਤਪਾਲ ਸਿੰਘ ਮਹਿਰੋਕ
91-98885-10185





ਗਹਿਣੇ, ਲੋਕ ਜੀਵਨ ਵਿੱਚ ਵੰਨ-ਸੁਵੰਨੇ ਰੰਗ ਭਰਨ, ਹਾਰ-ਸ਼ਿੰਗਾਰ ਕਰਨ ਅਤੇ ਜੀਵਨ ਵਿੱਚ ਉਮੰਗ, ਉਤਸ਼ਾਹ ਪੈਦਾ ਕਰਨ ਤੇ ਹੁਲਾਰਾ ਪ੍ਰਦਾਨ ਕਰਨ ਦਾ ਵਸੀਲਾ ਬਣਦੇ ਆਏ ਹਨ। ਹਾਰ-ਸ਼ਿੰਗਾਰ ਕਰਨਾ ਕਿਸੇ ਵੀ ਸੱਭਿਆਚਾਰ ਦੇ ਵੱਖ-ਵੱਖ ਧਰਾਤਲਾਂ ਦੇ ਲੋਕ ਜੀਵਨ ਦਾ ਮਹੱਤਵਪੂਰਨ ਪਹਿਲੂ ਹੁੰਦਾ ਹੈ। ਕਹਿੰਦੇ ਹਨ ਪਹਿਲਾਂ ਪਹਿਲ ਹਾਰ-ਸ਼ਿੰਗਾਰ ਦੀ ਸਮੱਗਰੀ ਤੇ ਗਹਿਣੇ ਮਾਨਸਿਕ ਤੇ ਸਰੀਰਕ ਅਰੋਗਤਾ ਬਣਾਈ ਰੱਖਣ ਵਾਸਤੇ ਕੀਮਤੀ ਵਸਤਾਂ ਵਜੋਂ ਵਰਤੇ ਤੇ ਪਹਿਨੇ ਜਾਣੇ ਪ੍ਰਾਰੰਭ ਹੋਏ ਸਨ। ਆਦਿ ਯੁੱਗ ਦੇ ਮਨੁੱਖ ਨੂੰ ਇਸ ਗੱਲ ਦਾ ਬੋਧ ਸੀ ਕਿ ਖ਼ਾਸ ਧਾਤਾਂ, ਉਨ੍ਹਾਂ ਦੀ ਛੋਹ ਅਤੇ ਚਮਕ ਦੇ ਮਨੁੱਖੀ ਸਰੀਰ ਅਤੇ ਮਨ ਉੱਤੇ ਕਈ ਕਿਸਮ ਦੇ ਵਧੀਆ ਤੇ ਤੀਬਰ ਪ੍ਰਭਾਵ ਪੈਂਦੇ ਹਨ। ਇਹ ਪ੍ਰਭਾਵ ਹਾਸਲ ਕਰਨ ਵਾਸਤੇ ਮਨੁੱਖ ਨੇ ਫੁੱਲ, ਪੱਤੀਆਂ, ਮਣਕੇ, ਘੋਗੇ, ਸਿੱਪੀਆਂ ਜਾਂ ਪੱਥਰ ਦੇ ਟੁਕੜਿਆਂ ਨੂੰ ਸਰੀਰ ਦੇ ਵਿਭਿੰਨ ਅੰਗਾਂ 'ਤੇ ਪਹਿਨਣਾ ਸ਼ੁਰੂ ਕਰ ਦਿੱਤਾ, ਹੌਲੀ-ਹੌਲੀ ਇਨ੍ਹਾਂ ਦੀ ਥਾਂ ਧਾਤ ਤੋਂ ਬਣਾਏ ਗਏ ਗਹਿਣਿਆਂ ਨੇ ਲੈ ਲਈ ਤੇ ਫਿਰ ਮੁੱਲਵਾਨ ਧਾਤਾਂ ਵੱਖਰੇ-ਵੱਖਰੇ ਰੰਗ, ਰੂਪ ਤੇ ਆਕਾਰ ਗ੍ਰਹਿਣ ਕਰਕੇ ਗਹਿਣਿਆਂ ਦਾ ਰੂਪ ਅਖਤਿਆਰ ਕਰਦੀਆਂ ਗਈਆਂ। ਕੁਝ ਦੰਤ-ਕਥਾਵਾਂ ਵਿੱਚ ਇਸ ਤਰ੍ਹਾਂ ਦੇ ਹਵਾਲੇ ਵੀ ਮਿਲਦੇ ਹਨ ਕਿ ਗਹਿਣੇ ਪ੍ਰੇਮੀ ਵੱਲੋਂ ਪ੍ਰੇਮਿਕਾ ਨੂੰ ਭੂਤਾਂ, ਪ੍ਰੇਤਾਂ ਤੇ ਬਦਰੂਹਾਂ ਤੋਂ ਬਚਾਉਣ, ਉਸ ਦੀ ਸਿਰਜਣਾਤਮਕ ਸ਼ਕਤੀ ਨੂੰ ਸੁਜੀਵ ਰੱਖਣ, ਉਸਦੀ ਸਰੀਰਕ ਅਰੋਗਤਾ ਬਣਾਈ ਰੱਖਣ ਲਈ ਤੇ ਉਸ ਨੂੰ ਸੁੰਦਰ ਤੇ ਖ਼ੂਬਸੂਰਤ ਮੁਟਿਆਰ ਬਣੀ ਦੇਖਣ ਦੀ ਭਾਵਨਾ ਵਿੱਚੋਂ ਜਨਮੇ ਹੋਏ ਹੋਣਗੇ।

ਗਹਿਣਿਆਂ ਦਾ ਸਮਾਜਿਕ ਤੇ ਆਰਥਿਕ ਮਹੱਤਵ ਵੀ ਇਨ੍ਹਾਂ ਦੇ ਇਤਿਹਾਸ ਦੇ ਨਾਲ-ਨਾਲ ਚੱਲਦਾ ਆਇਆ ਹੈ ਜੋ ਵੱਖਰੇ ਅਧਿਐਨ ਅਤੇ ਚਿੰਤਨ ਕਰਨ ਦਾ ਵਿਸ਼ਾ ਹੈ। ਇੱਕ ਗੱਲ ਜ਼ਰੂਰ ਸਹਿਜੇ ਹੀ ਧਿਆਨ ਵਿੱਚ ਆ ਜਾਂਦੀ ਹੈ ਕਿ ਜਦੋਂ ਆਮ ਲੋਕ ਆਪਣੀਆਂ ਲੋੜਾਂ ਸ਼ਾਹੂਕਾਰਾਂ ਕੋਲੋਂ ਕਰਜ਼ਾ ਚੁੱਕ ਕੇ ਪੂਰੀਆਂ ਕਰਦੇ ਸਨ, ਜਦੋਂ ਬੈਂਕਾਂ ਦੀ ਬਹੁਤੀ ਸਹੂਲਤ ਨਹੀਂ ਸੀ ਹੁੰਦੀ, ਨੋਟਾਂ ਦਾ ਪਸਾਰ ਬਹੁਤ ਘੱਟ ਸੀ, ਚਾਂਦੀ ਦੇ ਸਿੱਕਿਆਂ ਦਾ ਪ੍ਰਚਲਨ ਸੀ ਪਰ ਉਹ ਹਰ ਵੇਲੇ ਬਹੁਤੀ ਮਾਤਰਾ ਵਿੱਚ (ਜਾਂ ਲੋੜਾਂ ਪੂਰੀਆਂ ਕਰਨ ਜਿੰਨੀ ਰਕਮ ਦਾ ਭੁਗਤਾਨ ਕਰਨ ਯੋਗ ਗਿਣਤੀ ਵਿੱਚ) ਨਹੀਂ ਸਨ ਰੱਖੇ ਜਾ ਸਕਦੇ ਤੇ ਆਪਣੇ ਨਾਲ ਲਿਜਾਣਾ ਵੀ ਔਖਾ ਹੁੰਦਾ ਸੀ ਤਾਂ ਸਾਂਭ ਕੇ ਰੱਖੇ ਹੋਏ ਗਹਿਣੇ, ਜਾਇਦਾਦ ਹੀ ਹੁੰਦੇ ਸਨ, ਜਿਨ੍ਹਾਂ ਨੂੰ ਲੋੜ ਪੈਣ 'ਤੇ ਵਿੱਤ ਮੂਜਬ ਵਰਤ ਲਿਆ ਜਾਂਦਾ ਸੀ। ਪਹੁੰਚ ਤੇ ਸਮਰੱਥਾ ਅਨੁਸਰ ਲੋਕ ਸੋਨੇ, ਚਾਂਦੀ ਦੇ ਗਹਿਣੇ ਘੜਵਾਉਂਦੇ ਸਨ। ਪੰਜਾਬ ਵਿੱਚ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਗਹਿਣਿਆਂ ਉੱਤੇ ਚੰਦ, ਸੂਰਜ, ਕੰਵਲ-ਫੁੱਲ ਜਾਂ ਮੂਰਤੀਆਂ ਉੱਕਰੀਆਂ ਹੁੰਦੀਆਂ ਸਨ। ਮੁਸਲਮਾਨਾਂ ਦੀ ਆਮਦ ਨਾਲ ਚੰਦ, ਤਾਰੇ, ਚੰਪਾਕਲੀ, ਸ਼ੇਰ, ਹਾਥੀ ਆਦਿ ਦੇ ਚਿੱਤਰ ਗਹਿਣਿਆਂ ਉੱਤੇ ਉੱਕਰੇ ਜਾਣ ਲੱਗ ਪਏ। ਗਹਿਣਿਆਂ ਉੱਪਰ ਹੁਣ ਤਕ ਹੋਈ ਖੋਜ ਦੇ ਆਧਾਰ ਉੱਪਰ ਪੰਜਾਬਣ ਵੱਲੋਂ ਪਹਿਨੇ ਜਾਂਦੇ ਰਹੇ ਅੱਸੀ-ਬਿਆਸੀ ਤਰ੍ਹਾਂ ਦੇ ਗਹਿਣਿਆਂ ਦੀ ਸ਼ਨਾਖਤ ਕੀਤੀ ਗਈ ਹੈ। ਦੋ ਦਰਜਨ ਦੇ ਕਰੀਬ ਗਹਿਣਿਆਂ ਦੀ ਨਿਸ਼ਾਨਦੇਹੀ ਉਨ੍ਹਾਂ ਵੰਨਗੀਆਂ ਵਜੋਂ ਹੋਈ ਹੈ, ਜੋ ਪੁਰਸ਼ ਪਹਿਨਦੇ ਹਨ। ਇੱਥੇ ਅਸੀਂ ਕੁਝ ਉਨ੍ਹਾਂ ਗਹਿਣਿਆਂ ਦੀ ਗੱਲ ਕਰਨੀ ਹੈ, ਜਿਨ੍ਹਾਂ ਦੀ ਗੱਲ ਲੋਕ ਸੱਭਿਆਚਾਰ ਵਿੱਚ ਹੋਈ ਹੈ ਅਤੇ ਜਿਨ੍ਹਾਂ ਦਾ ਜ਼ਿਕਰ ਪੰਜਾਬੀ ਲੋਕ ਗੀਤਾਂ ਵਿੱਚ ਥਾਂ-ਪਰ-ਥਾਂ ਛਿੜਦਾ ਆਇਆ ਹੈ।

**ਗਹਿਣਿਆਂ ਵਿੱਚੋਂ ਗਹਿਣਾ ਆਰਸੀ ਵੇ**
**ਪੀਆ ਸੋ ਮੇਰੀ ਨਣਦੀ ਨੂੰ ਦੇਹ**
**ਆਰਸੀ ਪਾਰਸੀ ਘਰ ਰੱਖ ਭਾਬੋ**





**ਨੀ ਮੈਂ ਲੈਣੀਆਂ ਫੁੱਲਝੜੀਆਂ...**

ਸਮੇਂ ਦੇ ਬਦਲਣ ਨਾਲ ਗਹਿਣਿਆਂ ਦਾ ਸਰੂਪ ਤੇ ਚਲਨ ਬਦਲਦਾ ਰਿਹਾ ਹੈ ਪਰ ਇਨ੍ਹਾਂ ਦਾ ਮਹੱਤਵ ਜਿਉਂ ਦਾ ਤਿਉਂ ਕਾਇਮ ਹੈ। ਲੋਕ ਸੱਭਿਆਚਾਰ ਅਤੇ ਪੰਜਾਬੀ ਲੋਕ ਗੀਤਾਂ ਵਿੱਚ ਪੈਰਾਂ ਦੀਆਂ ਉਂਗਲੀਆਂ ਵਿੱਚ ਪਹਿਨੇ ਜਾਣ ਵਾਲੇ ਗਹਿਣਿਆਂ ਤੋਂ ਲੈ ਕੇ ਸਿਰ 'ਤੇ ਪਹਿਨਣ ਵਾਲੇ ਗਹਿਣਿਆਂ ਦਾ ਜ਼ਿਕਰ ਹੋਇਆ ਹੈ। ਸਿਰ ਦੇ ਵਾਲਾਂ ਦੀਆਂ ਗੁੰਦੀਆਂ ਪੱਟੀਆਂ ਵਿੱਚ ਸੱਗੀ ਫੁੱਲ ਨਾਂ ਦਾ ਗਹਿਣਾ ਪਾਇਆ ਜਾਂਦਾ ਸੀ। ਸੱਗੀ 'ਤੇ ਚੌਂਕ ਪਾਉਣ ਨਾਲ ਸਿਰ ਦੇ ਵਾਲਾਂ ਦਾ ਉਭਾਰ ਬਣਿਆ ਰਹਿੰਦਾ ਸੀ ਅਤੇ ਸਿਰ ਦੇ ਗੁੰਦੇ ਹੋਏ ਵਾਲ ਖ਼ਰਾਬ ਨਹੀਂ ਸਨ ਹੁੰਦੇ ਤੇ ਖਿਲਰਦੇ ਨਹੀਂ ਸਨ। ਇਨ੍ਹਾਂ ਗਹਿਣਿਆਂ ਨਾਲ ਤਾਲੂ ਵੀ ਸੁਰੱਖਿਅਤ ਰਹਿੰਦਾ ਸੀ। ਸੱਗੀ ਤੇ ਚੌਂਕ ਕੁੱਪ-ਨੁਮਾ ਹੁੰਦੇ ਹਨ। ਸੱਗੀ ਉੱਚੀ ਹੁੰਦੀ ਹੈ ਤੇ ਚੌਂਕ ਥੋੜ੍ਹਾ ਜਿਹਾ ਬੈਠਵਾਂ ਹੁੰਦਾ ਹੈ। ਚੌਂਕ ਦੇ ਨਾਲ ਦੋ ਚੰਦ ਵੀ ਹੁੰਦੇ ਹਨ, ਜਿਨ੍ਹਾਂ ਨੂੰ ਚੌਂਕ ਦੇ ਦੋਵੇਂ ਪਾਸੇ ਲਟਕਾਉਣ ਲਈ ਜ਼ੰਜੀਰੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਫੁੱਲਾਂ ਦੀ ਸ਼ਕਲ ਵੀ ਚੌਂਕ ਵਰਗੀ ਬਣਾਈ ਜਾਂਦੀ ਹੈ। ਇਨ੍ਹਾਂ ਉੱਪਰ ਨਗ ਵੀ ਜੜੇ ਜਾ ਸਕਦੇ ਹਨ। ਸ਼ਿੰਗਾਰ ਪੱਟੀ, ਪਾਸਾ ਤੇ ਬਘਿਆੜੀ ਵੀ ਸਿਰ ਦੇ ਗਹਿਣੇ ਹਨ। ਸ਼ਿੰਗਾਰ ਪੱਟੀ ਕਈ ਕੁੰਡਿਆਂ ਵਾਲੀਆਂ ਟੁਕੜੀਆਂ ਨਾਲ ਬਣਾਈ ਜਾਂਦੀ ਹੈ। ਸਿਰ-ਮਾਂਗ ਤੇ ਮੌਲੀ ਵੀ ਸਿਰ 'ਤੇ ਪਾਏ ਜਾਣ ਵਾਲੇ ਗਹਿਣੇ ਹਨ। ਚਾਂਦੀ ਤੇ ਰੇਸ਼ਮ ਦੀ ਡੋਰੀ ਨਾਲ ਬਣਿਆ ਗਹਿਣਾ-ਬੋਦਾ ਬੱਚਿਆਂ ਦਿਆਂ ਵਾਲਾਂ 'ਤੇ ਪਾਇਆ ਜਾਂਦਾ ਸੀ। ਪੁਰਸ਼ ਪਗੜੀ ਦੇ ਸਾਹਮਣੇ ਪਾਸੇ ਸਰਪੇਸ਼ ਪਹਿਨਦੇ ਸਨ। ਕਲਗੀ ਤੇ ਮੁਕਟ ਵੀ ਪੁਰਸ਼ਾਂ ਦੇ ਸਿਰ 'ਤੇ ਪਹਿਨਣ ਵਾਲੇ ਗਹਿਣੇ ਸਨ।

ਟਿੱਕਾ ਤੇ ਜਿਲਜਿਲ ਮੱਥੇ 'ਤੇ ਲਗਾਉਣ ਵਾਲੇ ਲੋਕਪ੍ਰਿਯ ਗਹਿਣੇ ਹੁੰਦੇ ਸਨ। ਟਿੱਕਾ ਜ਼ੰਜੀਰੀ ਦੇ ਨਾਲ ਚੌਂਕ ਨਾਲ ਜੋੜਿਆ ਜਾਂਦਾ ਸੀ। ਸੋਨੇ ਤੋਂ ਬਣਾਇਆ ਗਿਆ ਇਹ ਗਹਿਣਾ ਮੱਥੇ ਦੇ ਵਿਚਕਾਰ ਟਿਕਾਇਆ ਜਾਂਦਾ ਸੀ। ਇਸ ਦੇ ਹੇਠਲੇ ਸਿਰੇ 'ਤੇ ਮੋਤੀਆਂ ਨਾਲ ਜੜੀਆਂ ਛੋਟੀਆਂ-ਛੋਟੀਆਂ ਪੱਤੀਆਂ ਹੁੰਦੀਆਂ ਸਨ। ਜਿਲਜਿਲ ਵਿੱਚ ਸੋਨੇ ਦੀਆਂ ਪੰਜ-ਪੰਜ ਟੁਕੜੀਆਂ ਦੋਵੇਂ ਪਾਸੇ ਹੁੰਦੀਆਂ ਸਨ ਅਤੇ ਉੱਪਰ ਹੁੱਕ ਲੱਗੀ ਹੁੰਦੀ ਸੀ। ਇਸ ਨੂੰ ਰੇਸ਼ਮੀ ਡੋਰੀ ਨਾਲ ਬੰਨ੍ਹਿਆ ਜਾਂਦਾ ਸੀ। ਦਾਮਨੀ ਜਾਂ ਦਾਉਣੀ, ਦਾਮਨੀ ਸੋਸਾਨੀ, ਚੰਦ ਬੀਨਾ, ਤਾਵੀਤ, ਬਿੰਦਲੀ, ਭਰਵੱਟਾ ਆਦਿ ਮੱਥੇ 'ਤੇ ਸਜਾਉਣ ਵਾਲੇ ਹੋਰ ਗਹਿਣੇ ਸਨ।

ਔਰਤ ਦੇ ਚਿਹਰੇ ਦੀ ਸੁੰਦਰਤਾ ਨੂੰ ਵਧਾਉਣ ਵਿੱਚ ਨੱਕ ਅਤੇ ਇਸ ਦੇ ਸ਼ਿੰਗਾਰ ਤੇ ਫੱਬਤ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਨੱਕ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਨ ਲਈ ਅਤੇ ਇਸ ਵਿੱਚ ਗਹਿਣੇ ਪਹਿਨਣ ਦੇ ਮੰਤਵ ਵਜੋਂ ਬਾਲ ਅਵਸਥਾ ਵਿੱਚ ਹੀ ਕੁੜੀਆਂ ਦੇ ਨੱਕ ਅਤੇ ਕੰਨ ਵਿੰਨ੍ਹ ਦਿੱਤੇ ਜਾਂਦੇ ਰਹੇ ਹਨ। ਖ਼ੂਬਸੂਰਤੀ ਨੂੰ ਚਾਰ ਚੰਨ ਲਾਉਣ ਲਈ ਨੱਕ ਵਿੱਚ ਨੁਕਰਾ, ਤੀਲੀ, ਲੌਂਗ, ਮਛਲੀ, ਨੱਥ, ਕੋਕਾ, ਬੁਲਾਕ, ਲਟਕਾਂ, ਮੋਰਨੀ, ਫੁੱਲੀ, ਬੋਰ, ਮਛਲੀਆਂ, ਬੇ-ਸਿਰ ਆਦਿ ਗਹਿਣੇ ਪਹਿਨੇ ਜਾਂਦੇ ਹਨ। ਨੱਕ ਦੇ ਬਹੁਤੇ ਗਹਿਣੇ (ਨੱਥ ਤੋਂ ਬਗੈਰ) ਵਿਆਹ ਸਮੇਂ ਜਾਂ ਉਸ ਤੋਂ ਪਹਿਲਾਂ ਕੁੜੀ ਨੂੰ ਪੇਕਿਆਂ ਵੱਲੋਂ ਪਾਏ ਜਾਂਦੇ ਸਨ। ਅਜਿਹਾ ਰਿਵਾਜ ਰਿਹਾ ਹੈ ਕਿ ਲੜਕੀ ਲਈ ਨੱਥ, ਉਸ ਦੇ ਵਿਆਹ ਸਮੇਂ ਅਕਸਰ ਉਸ ਦਾ ਮਾਮਾ ਚੂੜੇ ਦੇ ਨਾਲ ਲਿਆਉਂਦਾ ਹੁੰਦਾ ਸੀ। ਕੁਆਰੀਆਂ ਕੁੜੀਆਂ ਸੋਨੇ ਦੀ ਜਾਂ ਚਾਂਦੀ ਦੀ ਤਾਰ ਬਣਵਾ ਕੇ ਨੱਕ ਵਿੱਚ ਪਹਿਨਦੀਆਂ ਹੁੰਦੀਆਂ ਸਨ ਜਿਸ ਨੂੰ ਨੱਥਨੀ ਕਿਹਾ ਜਾਂਦਾ ਸੀ। ਕੁਆਰੀ ਕੁੜੀ ਬਹੁਤੀਆਂ ਹਾਲਤਾਂ ਵਿੱਚ ਨੱਥ, ਲੌਂਗ, ਤੀਲੀ, ਬੋਹੜ ਨਹੀਂ ਸੀ ਪਹਿਨਦੀ। ਨੱਕ ਦੇ ਵਿਚਕਾਰ ਨੁਕਰਾ ਪਾ ਸਕਦੀ ਹੁੰਦੀ ਸੀ। ਨੱਕ ਦਾ ਗਹਿਣਾ ਨੱਥ ਸੋਨੇ ਦੀ ਚੂੜੀ ਵਰਗਾ ਹੁੰਦਾ ਹੈ। ਇਸ ਦਾ ਇੱਕ ਸਿਰਾ ਸਿੱਧਾ ਤੇ ਦੂਜਾ ਥੋੜ੍ਹਾ ਜਿਹਾ ਮੁੜਿਆ ਹੁੰਦਾ ਹੈ। ਇਸ ਦੇ ਵਿਚਕਾਰ ਜੜੀਆਂ ਪੱਤੀਆਂ ਨੂੰ ਮੋਤੀ ਲੱਗੇ ਹੁੰਦੇ ਹਨ। ਵਜ਼ਨ ਵਿੱਚ ਭਾਰੀ ਹੋਣ ਕਰਕੇ ਇਸ ਨੂੰ ਰੇਸ਼ਮੀ ਡੋਰੀ/ਜ਼ੰਜੀਰੀ ਪਾ ਕੇ ਕੰਨ ਨਾਲ ਅੜਾ ਲਿਆ ਜਾਂਦਾ ਹੈ। ਇਸ ਨੱਥ ਨੂੰ ਸੁਹਾਗ ਦੀ ਨੱਥ ਵੀ ਕਿਹਾ ਜਾਂਦਾ ਹੈ ਤੇ ਇਸ ਨੂੰ ਸੁਹਾਗ ਦਾ ਚਿੰਨ੍ਹ ਤਸੱਵਰ ਕੀਤਾ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਗਹਿਣਿਆਂ ਨੂੰ ਭਰਵੀਂ ਤੇ ਭਰਪੂਰ ਥਾਂ ਪ੍ਰਾਪਤ ਹੋਈ ਹੈ। ਜੇ ਗਹਿਣਿਆਂ ਨੂੰ ਪੰਜਾਬੀ ਲੋਕ ਗੀਤਾਂ ਵਿੱਚ ਏਨਾ ਨੁਮਾਇਆ ਸਥਾਨ ਮਿਲਿਆ ਹੈ ਤਾਂ ਇਸ ਪਿੱਛੇ ਲੋਕ ਜੀਵਨ ਵਿੱਚ ਇਨ੍ਹਾਂ ਦਾ ਵੱਡਾ ਮਹੱਤਵ ਹੋਣ ਦਾ ਰਹੱਸ ਛੁਪਿਆ ਹੈ। ਗਹਿਣਿਆਂ ਦੀ ਗੱਲ ਲੋਕ ਗੀਤਾਂ ਵਿੱਚ ਕਈ ਪ੍ਰਸੰਗਾਂ ਵਿੱਚ ਹੋਈ ਹੈ। ਗਹਿਣਿਆਂ ਖ਼ਾਤਰ ਕੋਈ ਰੁੱਸਦਾ ਹੈ, ਕੋਈ ਮੰਨਦਾ ਹੈ, ਕੋਈ ਨਿਹੋਰੇ ਦਿੰਦਾ ਹੈ, ਕੋਈ ਵਾਰੇ ਜਾਂਦਾ ਹੈ, ਕੋਈ ਬੋਲੀ ਮਾਰਦਾ ਹੈ ਤੇ ਕੋਈ 'ਨੰਗ' ਹੋਣ ਦਾ ਤਾਅਨਾ ਮਾਰਦਾ ਹੈ:

**ਮਾਏ ਨੀਂ ਸੁਣ ਮੇਰੀਏ ਮਾਏ, ਨਾ ਪਾ ਮੈਨੂੰ ਡੋਰੀ**
**ਏਹ ਧੀਆਂ ਦਿਨ ਚਾਰ ਦਿਹਾੜੇ, ਜੋਗੀ ਵਾਲੀ ਫੇਰੀ**

ਨੀਂ ਮੇਰੀਆਂ ਦੁਖਣ ਕੰਨਾਂ ਦੀਆਂ ਵਾਲੀਆਂ।

ਗਹਿਣਿਆਂ ਦੀ ਗੱਲ ਚਲਦੀ ਹੈ ਤਾਂ ਹਲਕੀ-ਫੁਲਕੀ ਨੋਕ-ਝੋਕ ਵੀ ਹੁੰਦੀ ਰਹਿੰਦੀ ਹੈ। ਭਲੇ ਵੇਲਿਆਂ ਵਿੱਚ ਕਿਸੇ ਗੱਲ ਪਿੱਛੇ ਹੋਈ ਨੋਕ-ਝੋਕ ਰਿਸ਼ਤਿਆਂ ਦੇ ਰੰਗ ਨੂੰ ਹੋਰ ਗੂੜ੍ਹਿਆਂ ਕਰਦੀ ਹੁੰਦੀ ਸੀ। ਸਮੇਂ ਦੇ ਬਦਲਣ ਨਾਲ ਬਹੁਤ ਕੁਝ ਬਦਲ ਗਿਆ ਹੈ। ਜ਼ਿੰਦਗੀ ਦੇ ਵਿਗੋਚੇ ਜ਼ਿੰਦਗੀ ਨੂੰ ਬੋਝਲ ਬਣਾ ਦਿੰਦੇ ਹਨ:

ਚੌਂਕ ਘੜਾ ਕੇ ਦੇ ਗਿਆ ਨੀਂ, ਫੁੱਲ ਤੇ ਹਨ ਨਹੀਂ ਪੱਲੇ

ਇਨ੍ਹਾਂ ਜੋਗੀਆਂ ਨੇ ਕਿਹੜੇ ਪੱਤਣ ਆ ਮੱਲੇ?

ਛਾਪਾਂ, ਛੱਲੇ ਹੱਥਾਂ ਦੀਆਂ ਉਂਗਲੀਆਂ ਦੇ ਹਰਮਨਪਿਆਰੇ ਗਹਿਣੇ ਹਨ। ਅੰਗੂਠੀ, ਅੰਗੂਠਾ, ਖਰੀ ਪੰਜੂੰਗਲਾ, ਸ਼ਾਹੇਲਮੀ, ਬ੍ਰਹਮਗੰਧ, ਰਤਨਚੌਂਕ ਆਦਿ ਹੱਥਾਂ ਅਤੇ ਉਂਗਲਾਂ 'ਤੇ ਪਹਿਨਣ ਵਾਲੇ ਗਹਿਣੇ ਹਨ। ਹੱਥ ਤੇ ਉਂਗਲੀਆਂ ਦਾ ਇਕੱਠਾ ਜੁੜਵਾਂ ਗਹਿਣਾ ਰਤਨਚੌਂਕ ਹੁੰਦਾ ਹੈ। ਇਹ ਗਹਿਣਾ ਗੁੱਟ 'ਤੇ ਪਾਇਆ ਜਾਂਦਾ ਹੈ। ਇਸ ਦੀਆਂ ਪੰਜ ਜ਼ੰਜੀਰਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਹੱਥ ਦੇ ਪੁੱਠੇ ਪਾਸੇ ਪੰਜਾਂ ਉਂਗਲੀਆਂ ਵਿੱਚ ਪਾਉਣ ਵਾਲੀਆਂ ਮੁੰਦਰੀਆਂ/ਛਾਪਾਂ ਨਾਲ ਜੋੜਿਆ ਹੁੰਦਾ ਹੈ। ਰਤਨਚੌਂਕ ਵਰਗਾ ਵੱਡਾ ਗਹਿਣਾ ਕੇਵਲ ਵਿਆਹ-ਸ਼ਾਦੀ ਦੇ ਮੌਕੇ ਹੀ ਪਾਇਆ ਜਾਂਦਾ ਹੈ। ਆਰਸੀ ਅੰਗੂਠੇ ਵਿੱਚ ਪਾਇਆ ਜਾਣ ਵਾਲਾ ਸੋਨੇ ਦਾ ਗਹਿਣਾ ਹੁੰਦਾ ਹੈ। ਇਸ ਵਿੱਚ ਮੂੰਹ ਵੇਖਣ ਵਾਸਤੇ ਸ਼ੀਸ਼ਾ ਲੱਗਾ ਹੁੰਦਾ ਹੈ। ਸ਼ੀਸ਼ੇ ਥੱਲੇ ਛੱਲਾ ਲੱਗਿਆ ਹੁੰਦਾ ਹੈ, ਜਿਸ ਨੂੰ ਅੰਗੂਠੇ ਵਿੱਚ ਪਾਇਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿੱਚ ਮੁੰਦਰੀ, ਗਾਨੀ, ਲੌਂਗ, ਕੈਂਠੇ ਦਾ ਜ਼ਿਕਰ ਬਹੁਤ ਹੁੱਬ ਕੇ ਕੀਤਾ ਗਿਆ ਮਿਲਦਾ ਹੈ। ਕੈਂਠੇ ਵਾਲੇ ਤੇ ਝਾਂਜਰਾਂ ਵਾਲੀ ਨੂੰ ਸੰਬੋਧਨ ਕਰਕੇ ਕਈ ਲੋਕ ਗੀਤ ਰਚੇ ਮਿਲਦੇ ਹਨ:

**ਧਾਗਾ ਹੋਵੇ ਤਾਂ ਤੋੜੀਏ ਵੇ,**
**ਕੰਠੇ ਵਾਲਿਆ ਪ੍ਰੀਤ ਨਾ ਤੋੜੀ**



**ਜਾ**
**ਵੇ ਜਾਨੀ ਮੇਰਿਆ।**

ਉਂਗਲੀ ਵਿੱਚ ਪਹਿਨਿਆ ਜਾਣ ਵਾਲਾ ਗਹਿਣਾ ਅੰਗੂਠੀ ਸ਼ਾਇਦ ਲੋਕ ਜੀਵਨ ਦੇ ਸਭ ਤੋਂ ਵੱਧ ਨੇੜਲਾ,ਮਹੱਤਵਪੂਰਨ ਤੇ ਵਧੇਰੇ ਪਹਿਨਿਆ ਜਾਣ ਵਾਲਾ ਗਹਿਣਾ ਹੈ। ਇਸ ਗਹਿਣੇ ਨੂੰ ਪਿਆਰ-ਨਿਸ਼ਾਨੀ ਵਜੋਂ ਭੇਟ ਤੇ ਸਵੀਕਾਰ ਕੀਤਾ ਜਾਂਦਾ ਰਿਹਾ ਹੈ। ਇਸ ਗਹਿਣੇ ਨਾਲ ਰਸਮਾਂ ਵੀ ਜੁੜ ਗਈਆਂ ਹਨ। ਪੰਜਾਬੀ ਲੋਕ ਗੀਤਾਂ ਦੀਆਂ ਅਨੇਕ ਵੰਨਗੀਆਂ ਵਿੱਚੋਂ ਇੱਕ ਛੋਟੀ ਜਿਹੀ ਵੰਨਗੀ ਵਿੱਚ ਪੰਜਾਬੀ ਗਹਿਣਿਆਂ ਦੇ ਪ੍ਰਸੰਗ ਵਿੱਚ ਬੜੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਗਈਆਂ ਹਨ। ਕਈ ਇੱਛਾਵਾਂ, ਕਈ ਪ੍ਰਾਪਤੀਆਂ, ਕਈ ਝੁੜਾਂ, ਕਈ ਰੋਸੇ, ਕਈ ਨਿਹੋਰੇ, ਕਈ ਉਲ੍ਹਾਂਭੇ, ਕਈ ਸਿਫ਼ਾਰਸ਼ਾਂ, ਕਈ ਅਰਜ਼ੋਈਆਂ, ਕਈ ਪਛਤਾਵੇ, ਕਈ ਵਿਅੰਗ ਇਨ੍ਹਾਂ ਲੋਕ ਤੁੱਕਾਂ ਵਿੱਚੋਂ ਮਿਲਦੇ ਹਨ:

**ਪਾਣੀ ਡੋਲ੍ਹਗੀ ਝਾਂਜਰਾਂ ਵਾਲੀ, ਕੈਂਠੇ ਵਾਲਾ ਤਿਲਕ ਗਿਆ।**
**ਤੇਰਾ ਰੂਪ ਝੱਲਿਆ ਨਾ ਜਾਵੇ, ਕੰਨੋਂ ਲਾਹ ਦੇ ਸੋਨ-ਚਿੜੀਆਂ**
**ਤੇਰੇ ਲੌਂਗ ਦਾ ਪਿਆ ਲਿਸ਼ਕਾਰਾ**
**ਹਾਲੀਆਂ ਨੇ ਹਲ ਡੱਕ ਲਏ।**

ਕੰਨਾਂ ਵਿੱਚ ਪਾਏ ਜਾਣ ਵਾਲੇ ਝੁਮਕੇ, ਕਾਂਟੇ, ਵਾਲੀਆਂ, ਵਾਲੇ, ਮੁਰਕੀਆਂ, ਡੰਡੀਆਂ, ਰੇਲ ਡੰਡੀਆਂ, ਬੁੰਦੇ, ਪਿੱਪਲ ਪੱਤੀਆਂ, ਲੋਟਨ, ਟੌਪਸ, ਕੰਟਾਲਾ, ਖਲੀਲ, ਜਲੀਲ, ਛੁੰਮਣੀ, ਮੱਛ-ਮਛਲੀਆਂ ਆਦਿ ਅਨੇਕ ਪ੍ਰਕਾਰ ਦੇ ਗਹਿਣੇ ਹੁੰਦੇ ਸਨ। ਕਾਂਟੇ, ਝੁਮਕੇ, ਟੌਪਸ, ਬੁੰਦੇ, ਵਾਲੀਆਂ, ਵਾਲੇ ਆਦਿ ਕੰਨ ਦੀ ਹੇਠਲੀ ਪੇਪੜੀ ਵਿੱਚ ਪਾਏ ਜਾਂਦੇ ਹਨ। ਕਾਂਟੇ ਕਈ ਕਿਸਮਾਂ ਦੇ ਹੁੰਦੇ ਸਨ। ਝੁਮਕੇ ਫੁੱਲ ਵਰਗੇ ਹੁੰਦੇ ਹਨ। ਝੁਮਕੇ ਦੇ ਹੇਠਲੇ ਪਾਸੇ ਵਾਲੇ ਘੇਰੇ ਨਾਲ ਸੋਨੇ ਦੀਆਂ ਪੱਤੀਆਂ ਤੇ ਮੋਤੀ ਜੜੇ ਹੁੰਦੇ ਹਨ। ਡੰਡੀਆਂ, ਵਾਲੀਆਂ, ਰੇਲਾਂ ਦੇ ਵੀ ਬਹੁਤ ਨਮੂਨੇ ਹੁੰਦੇ ਹਨ। ਵਾਲੇ, ਵਾਲੀਆਂ ਨਾਲੋਂ ਵੱਡੇ ਹੁੰਦੇ ਹਨ। ਪੁਰਸ਼ਾਂ ਵੱਲੋਂ ਕੰਨਾਂ ਵਿੱਚ ਪਾਏ ਜਾਣ ਵਾਲੇ ਗਹਿਣਿਆਂ ਵਿੱਚ ਵਾਲਾ, ਮੁਰਕੀ, ਜ਼ੰਜੀਰੀ (ਸੋਨੇ ਦੇ ਸਟੱਡਾਂ ਵਾਲੀ ਛੋਟੀ ਕੰਨ-ਮੁੰਦਰੀ), ਬੀਰਬਲੀ ਆਦਿ ਪ੍ਰਸਿੱਧ ਗਹਿਣੇ ਸਨ। ਗਰਦਨ ਅਤੇ ਗਲੇ ਦੁਆਲੇ ਪਹਿਨੇ ਜਾਣ ਵਾਲੇ ਗਹਿਣਿਆਂ ਵਿੱਚ ਗਾਨੀ, ਕੈਂਠੀ, ਗੁਲੂਬੰਦ, ਹਸ ਆਦਿ ਪ੍ਰਮੁੱਖ ਗਹਿਣੇ ਸਨ। ਇਹ ਗਰਦਨ ਦੇ ਦੁਆਲੇ ਪਹਿਨੇ ਜਾਂਦੇ ਸਨ। ਰਾਣੀ ਹਾਰ, ਨੌਂ ਲੱਖਾ ਹਾਰ, ਹਮੇਲ, ਇਨਾਮ, ਪੈਂਡਲ, ਤਵੀਤ, ਬੁਗਤੀਆਂ, ਹੌਲਦਰੀ, ਮੋਹਰਾ ਆਦਿ ਗਲ ਦੇ ਗਹਿਣੇ ਸਨ। ਇਨਾਮ, ਪਾਨ ਦੇ ਪੱਤੇ ਵਰਗਾ ਹੁੰਦਾ ਸੀ। ਥੱਲੇ ਚਾਂਦੀ ਦਾ ਪੱਤਰਾ ਲੱਗਾ ਹੁੰਦਾ ਸੀ ਤੇ ਉੱਪਰ ਸੋਨੇ ਦਾ ਚਿਤਰਿਆ ਪੱਤਰਾ। ਇਨਾਮ ਦੇ ਹੇਠਲੇ ਸਿਰੇ ਵਾਲੇ ਕੁੰਡੇ ਨਾਲ ਹੀਰਾ ਜਾਂ ਮੋਤੀ ਲਟਕਾਇਆ ਜਾਂਦਾ ਸੀ। ਪੈਂਡਲ ਠੋਸ ਸੋਨੇ ਦਾ ਗਹਿਣਾ ਹੁੰਦਾ ਹੈ ਤੇ ਇਸ ਨੂੰ ਜ਼ੰਜੀਰੀ ਵਿੱਚ ਪਰੋਇਆ ਜਾਂਦਾ ਸੀ। ਹਮੇਲ ਚਾਂਦੀ ਦੇ ਸਿੱਕਿਆਂ ਨੂੰ ਕੁੰਡੇ ਲਗਾ ਕੇ ਬਣਾਈ ਜਾਂਦੀ ਸੀ। ਚੰਦਨਹਾਰ, ਮਾਲਾ, ਚੰਪਾਕਲੀ, ਜੁਗਨੀ, ਹੌਲ ਦਿਲ, ਸੌਂਕਣ ਮੋਹਰਾ, ਮੋਹਨਮਾਲਾ, ਸਿਲਵਾਟਾ ਆਦਿ ਗਹਿਣੇ ਵੀ ਗਲੇ ਵਿੱਚ ਪਹਿਨਣ ਵਾਲੇ ਜਾਣੇ-ਪਛਾਣੇ ਗਹਿਣੇ ਸਨ। ਪੁਰਸ਼ਾਂ ਦੇ ਗਲੇ ਦੇ ਗਹਿਣਿਆਂ ਵਿੱਚ ਮਾਲਾ, ਕੰਠ-ਕੰਠੜੀ, ਤਾਵੀਜ਼, ਤਖ਼ਤੀ, ਹੈਂਕਲ, ਜ਼ੰਜੀਰੀ, ਚੰਦਰਮਾਹ, ਕੈਂਠਾ ਆਦਿ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਸਨ। ਮੰਗਲ-ਸੂਤਰ ਦਾ ਭਾਰਤੀ ਸਮਾਜ ਵਿੱਚ ਵਿਸ਼ੇਸ਼ ਮਹੱਤਵ ਹੈ। ਬਾਹਵਾਂ ਵਿੱਚ ਪਹਿਨੇ ਜਾਣ ਵਾਲੇ ਗਹਿਣਿਆਂ ਵਿੱਚ ਗੋਖੜੂ, ਕੜੇ, ਬੰਦ, ਘੜੀ-ਚੂੜੀ, ਵੰਗਾਂ, ਪਹੁੰਚੀਆਂ, ਪਰੀ ਬੰਦ, ਬਾਜੂਬੰਦ, ਅਨੰਤ, ਕੰਗਣ, ਗਜਰਾ, ਛਨਕੰਗਣ ਆਦਿ ਜਾਣੇ-ਪਛਾਣੇ ਗਹਿਣੇ ਹੁੰਦੇ ਸਨ। ਗੋਖੜੂ ਨਿੱਗਰ ਹੁੰਦੇ ਹਨ, ਜਦੋਂਕਿ ਕਈ ਕੜੇ ਅੰਦਰੋਂ ਖੋਖਲੇ ਹੁੰਦੇ ਸਨ। ਘੜੀ-ਚੂੜੀ ਵੀ ਅਕਸਰ ਅੰਦਰੋਂ ਖੋਖਲੀ ਹੁੰਦੀ ਸੀ। ਬੰਦ ਨਿੱਗਰ ਹੁੰਦੇ ਹਨ। ਵੰਗਾਂ ਉੱਪਰਲੀ ਘੜਾਈ ਜਾਂ ਮੀਨਾਕਾਰੀ ਵੀ ਵੰਨ-ਸੁਵੰਨੀ ਹੁੰਦੀ ਹੈ। ਪਹੁੰਚੀਆਂ ਬੰਦਾਂ ਦੇ ਨਾਲ ਹੁੰਦੀਆਂ ਹਨ। ਇਨ੍ਹਾਂ ਦੇ ਤਿੱਖੇ ਨੋਕਾਂ ਵਾਲੇ ਨਿੱਕੇ-ਨਿੱਕੇ ਚੌਰਸ ਟੁਕੜੇ ਹੁੰਦੇ ਹਨ ਤੇ ਬਾਹਰ ਸੋਨੇ ਦੇ ਪੱਤਰੇ ਹੁੰਦੇ ਹਨ। ਥੱਲੇ ਕੁੰਡਾ ਲਗਾਇਆ ਗਿਆ ਹੁੰਦਾ ਹੈ। ਚਾਰ-ਪੰਜ ਟੁਕੜਿਆਂ ਦੀਆਂ ਅੱਠ-ਦਸ ਕਤਾਰਾਂ ਹੁੰਦੀਆਂ ਹਨ। ਸਾਰਿਆਂ ਟੁਕੜਿਆਂ ਨੂੰ ਰੇਸ਼ਮੀ ਡੋਰੀ ਵਿੱਚ ਪਰੋ ਲਿਆ ਜਾਂਦਾ ਹੈ। ਡੋਰੀ ਦੇ ਸਿਰੇ ਜੋੜ ਕੇ ਗੁੰਦ ਲਏ ਜਾਂਦੇ ਹਨ। ਦੋਹਾਂ ਪਾਸਿਆਂ ਦੇ ਗੁੰਦੇ ਸਿਰਿਆਂ ਨੂੰ ਇਕੱਠਿਆਂ ਕੀਤਾ ਜਾਂਦਾ ਹੈ। ਧਾਗੇ ਦਾ ਛੱਲਾ ਪਾ ਕੇ ਉਸ ਨੂੰ ਅੱਗੇ-ਪਿੱਛੇ ਕਰਕੇ ਪਹੁੰਚੀ ਪਾਈ-ਲਾਹੀ ਜਾਂਦੀ ਹੈ। ਪਰੀ ਬੰਦ ਨਾਂ ਦਾ ਗਹਿਣਾ ਚੌੜੀ ਚੂੜੀ ਵਰਗਾ ਹੁੰਦਾ ਹੈ ਤੇ ਇਸ ਵਿੱਚ ਬੋਰ ਲਗਾਏ ਗਏ ਹੁੰਦੇ ਹਨ। ਪਰੀ ਬੰਦ ਤੇ ਬਾਜੂਬੰਦ ਚਾਂਦੀ ਦੇ ਬਣੇ ਗਹਿਣੇ ਹਨ।



ਕੜਾ, ਜਿਸ ਨੂੰ ਕੰਗਣਾ ਜਾਂ ਗੋਖੜੂ ਵੀ ਕਹਿ ਲਿਆ ਜਾਂਦਾ ਹੈ, ਪੁਰਸ਼ਾਂ ਵੱਲੋਂ ਬਾਹਵਾਂ ਵਿੱਚ ਪਹਿਨਿਆ ਜਾਣ ਵਾਲਾ ਗਹਿਣਾ ਹੈ। ਪਹੁੰਚੀ ਗਹਿਣਾ ਪੁਰਸ਼ਾਂ ਵੱਲੋਂ ਵੀ ਪਾਇਆ ਜਾਂਦਾ ਰਿਹਾ ਹੈ। ਪੈਰਾਂ ਅਤੇ ਗਿੱਟਿਆਂ 'ਤੇ ਪਹਿਨੇ ਜਾਣ ਵਾਲੇ ਗਹਿਣਿਆਂ ਦਾ ਔਰਤ ਦੀ ਚਾਲ ਨਾਲ ਵਿਸ਼ੇਸ਼ ਸਬੰਧ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਪੈਰਾਂ ਅਤੇ ਗਿੱਟਿਆਂ ਦੇ ਗਹਿਣਿਆਂ ਨੇ ਔਰਤ ਦੀ ਚਾਲ ਨੂੰ ਲੈਅਮਈ ਬਣਾਉਣ ਦੇ ਮੰਤਵ ਵਿੱਚੋਂ ਜਨਮ ਲਿਆ ਹੋਵੇਗਾ। ਪਾਜੇਬ (ਪੰਜੇਬ), ਝਾਂਜਰ, ਖ਼ਲਖ਼ਲ, ਘੁੰਗਰੂ, ਜ਼ੰਜੀਰੀ, ਕੜੀਆਂ, ਤੋੜੇ, ਬਾਂਕਾਂ, ਪਟੜੀਆਂ, ਸ਼ਕੁੰਤਲਾ, ਲੱਛੇ, ਸਗਲੇ ਆਦਿ ਗਹਿਣੇ ਪੈਰਾਂ ਅਤੇ ਗਿੱਟਿਆਂ 'ਤੇ ਪਹਿਨੇ ਜਾਂਦੇ ਸਨ। ਇਹ ਗਹਿਣੇ ਪੈਰਾਂ, ਗਿੱਟਿਆਂ ਅਤੇ ਪੈਰਾਂ ਦੀਆਂ ਉਂਗਲੀਆਂ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਨ ਵਿੱਚ ਸਹਾਈ ਹੁੰਦੇ ਹਨ। ਤੁਰਨ ਸਮੇਂ ਹਿੱਲਣ ਅਤੇ ਛਣਕਣ ਦੀ ਆਵਾਜ਼, ਇਨ੍ਹਾਂ ਵਿੱਚੋਂ ਕੁਝ ਗਹਿਣਿਆਂ ਦੀ ਵੱਖਰੀ ਪਛਾਣ ਬਣ ਜਾਂਦੀ ਹੈ। ਪੈਰਾਂ 'ਤੇ ਪਹਿਨਣ ਵਾਲੇ ਗਹਿਣਿਆਂ ਵਿਚੋਂ ਹੁਣ ਬਹੁਤੀਆਂ ਹਾਲਤਾਂ ਵਿਚ ਸ਼ਕੁੰਤਲਾ ਪਹਿਨਣ ਤੱਕ ਦਾ ਰਿਵਾਜ ਹੀ ਸੀਮਤ ਹੋ ਕੇ ਰਹਿ ਗਿਆ ਹੈ। ਬੱਚਿਆਂ ਦੇ ਹੱਥਾਂ ਲਈ ਕੜੇ ਤੇ ਪੈਰਾਂ ਲਈ ਚਾਂਦੀ ਦੀ ਚੇਨ ਘੜਵਾਈ ਜਾਂਦੀ ਸੀ। ਸੋਨੇ ਦਾ ਟਿੱਕਾ, ਲੂਹਣਾਂ, ਕੰਗਣ, ਪੈਰੀਂ ਪੋਟੇ ਆਦਿ ਗਹਿਣੇ ਵੀ ਬੱਚਿਆਂ ਨੂੰ ਪਹਿਨਾਏ ਜਾਂਦੇ ਸਨ। ਪੋਟਿਆਂ ਨਾਲ ਵੱਡੇ ਬੋਰ ਲਗਵਾਏ ਜਾਂਦੇ ਸਨ। ਕੜਿਆਂ ਜਾਂ ਕੰਗਣੀਆਂ ਨੂੰ ਬੋਰ ਲੱਗੇ ਹੁੰਦੇ ਸਨ, ਜਿਹੜੇ ਉਨ੍ਹਾਂ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਸਨ। ਲੂਹਲਾਂ ਸਿਰ ਵਿੱਚ ਪਹਿਨੀਆਂ ਜਾਂਦੀਆਂ ਸਨ। ਹੁਣ ਬੱਚਿਆਂ ਦੇ ਇਨ੍ਹਾਂ ਗਹਿਣਿਆਂ ਦਾ ਰੁਝਾਨ ਨਹੀਂ ਰਿਹਾ। ਪੁਰਸ਼ਾਂ ਦਾ ਸ਼ੌਕ ਵੀ ਜ਼ੰਜੀਰੀ, ਛਾਪ, ਮੁੰਦਰੀ, ਕੜਾ, ਬ੍ਰੇਸਲਟ ਆਦਿ ਪਹਿਨਣ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਪੁਰਸ਼ ਹੁਣ ਸੋਨੇ ਦੇ ਇਨ੍ਹਾਂ ਗਿਣਵੇਂ-ਚੁਣਵੇਂ ਗਹਿਣਿਆਂ ਦੇ ਨਾਲ ਵੱਖ-ਵੱਖ ਧਾਤਾਂ ਤੋਂ ਬਣੇ ਛਾਪਾਂ-ਛੱਲੇ, ਵਿਭਿੰਨ ਕਿਸਮਾਂ/ਰੰਗਾਂ ਦੇ ਨਗਾਂ ਦੀ ਜੜਤ ਵਾਲੀਆਂ ਮੁੰਦਰੀਆਂ ਪਹਿਨਣਾ ਪਸੰਦ ਕਰਦੇ ਹਨ। ਅਜਿਹੇ ਛਾਪਾਂ-ਛੱਲੇ ਤੇ ਮੁੰਦਰੀਆਂ ਸਿਹਤਯਾਬੀ, ਖ਼ੁਸ਼ਹਾਲੀ, ਤਰੱਕੀ, ਧਨ-ਦੌਲਤ, ਸ਼ੁਹਰਤ ਅਤੇ ਬਿਹਤਰ ਭਵਿੱਖ ਬਣਾਉਣ ਜਾਂ ਕਿਸੇ ਸੰਭਾਵਿਤ ਸੰਕਟ ਨੂੰ ਟਾਲਣ ਦੇ ਮਕਸਦ ਹਿੱਤ ਬਣਵਾਏ/ਘੜਵਾਏ ਜਾਂਦੇ ਹਨ ਤੇ ਪਹਿਨੇ/ਧਾਰਨ ਕੀਤੇ ਜਾਂਦੇ ਹਨ। ਪੰਜਾਬੀ ਛੰਦਾਂ ਵਿੱਚ ਵੀ ਗਹਿਣਿਆਂ ਦਾ ਜ਼ਿਕਰ ਹੈ:

ਛੰਦ ਪਰਾਗੇ ਆਈਏ ਜਾਈਏ ਛੰਦ ਪਰਾਗੇ ਖੀਰਾ
ਧੀ ਤੁਹਾਡੀ ਏਦਾਂ ਰੱਖਸਾਂ, ਜਿਉਂ ਮੁੰਦਰੀ ਵਿੱਚ ਹੀਰਾ।

ਛੰਦ ਵਾਂਗ ਛੱਲਾ ਵੀ ਹਰਮਨਪਿਆਰਾ ਲੋਕ ਕਾਵਿ ਹੈ। ਛੱਲਾ,ਗਹਿਣਾ ਵੀ ਹੈ। ਜਦੋਂ ਛੱਲੇ ਦੇ ਗਾਇਨ ਨਾਲ ਲੋਕ ਨਾਚ ਦੀਆਂ ਵਿਭਿੰਨ ਮੁਦਰਾਵਾਂ ਨੂੰ ਮਿਲਾ ਕੇ ਨੱਚਿਆ ਜਾਂਦਾ ਹੈ ਤਾਂ ਇਸ ਉੱਪਰ ਦੂਣ-ਸਵਾਇਆ ਰੰਗ ਚੜ੍ਹ ਜਾਂਦਾ ਹੈ:

**ਛੱਲਾ ਮੇਰਾ ਕਿਸ ਘੜਿਆ**
**ਉਂਗਲ ਕਰੇਂਦੀ ਡਾਹਢੀ ਪੀੜ ਵੇ**
**ਛੱਲਾ ਮੇਰਾ ਕਿਸ...**
**ਇਸ ਛੱਲੇ ਦੀਆਂ ਧੁੰਮਾਂ ਪਈਆਂ, ਕਾਬਲ ਤੇ ਕਸ਼ਮੀਰ ਵੇ**
**ਇਸ ਛੱਲੇ ਦੇ ਆਏ ਵਪਾਰੀ ਮੁੱਲ ਕਰੇਂਦੀ ਹੀਰ ਵੇ**
**ਇਸ ਛੱਲੇ ਦੀ ਯਾਦ ਜੇ ਆਵੇ, ਵਿੰਨ੍ਹ ਦਏ ਜਿਉਂ ਤੀਰ ਵੇ**
**ਖ਼ਬਰ ਤੇਰੀ ਸੁਣ ਆਵਾਂ ਕਿਉਂ ਨਾ, ਝੱਲ-ਝਨਾਵਾਂ ਚੀਰ ਵੇ**
**ਛੱਲਾ ਮੇਰਾ ਕਿਸ ਘੜਿਆ**
**ਉਂਗਲ ਕਰੇਂਦੀ ਡਾਹਢੀ ਪੀੜ ਵੇ...**

ਪੰਜਾਬੀ ਦੇ ਕਈ ਅਖਾਣਾਂ ਵਿੱਚ ਵੀ ਗਹਿਣਿਆਂ ਦੀ ਗੱਲ ਹੋਈ ਹੈ,ਜਿਵੇਂ 'ਉਹ ਫਿਰੇ ਨੱਥ ਘੜਾਉਣ ਨੂੰ, ਉਹ ਫਿਰੇ ਨੱਕ ਵਢਾਉਣ ਨੂੰ', 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ', 'ਸਾਵਣ ਗਿਆ ਸੁੱਕਾ ਤੇ ਭਾਦੋਂ ਕੀਤੀ ਦਇਆ, ਸੋਨੇ ਦਾ ਘੜਾਉਂਦੀ ਸੀ ਰੁਪੇ ਦਾ ਵੀ ਗਿਆ' ਆਦਿ। ਔਰਤਾਂ ਦੇ ਗਹਿਣਿਆਂ ਦੀ ਵੰਨ-ਸੁਵੰਨਤਾ ਹੁਣ ਸੀਮਤ ਕਿਸਮਾਂ ਤੱਕ ਸਿਮਟ ਕੇ ਰਹਿ ਗਈ ਹੈ। ਸੋਹਣੇ ਲੱਗਣ ਲਈ ਜਿਵੇਂ ਵਧੀਆ ਤੇ ਜਚਵੇਂ-ਫੱਬਵੇਂ ਪਹਿਰਾਵੇ ਦਾ ਮਹੱਤਵ ਹੁੰਦਾ ਹੈ, ਉਸੇ ਤਰ੍ਹਾਂ ਸਲੀਕੇ ਨਾਲ ਪਹਿਨੇ ਹੋਏ ਗਹਿਣੇ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ। ਗਹਿਣੇ ਬਣਾਉਣ ਦੇ ਕਿੱਤੇ ਅਤੇ ਕਲਾ ਦਾ ਆਪਣਾ ਨਿਵੇਕਲਾ ਮਹੱਤਵ ਹੈ। ਹਿੰਦੁਸਤਾਨ ਵਿੱਚ ਗਹਿਣੇ ਬਣਾਉਣ ਦੀ ਕਲਾ ਯੁੱਗਾਂ ਪੁਰਾਣੀ ਹੈ। ਸਮੇਂ ਨਾਲ, ਲੋਕਾਂ ਦੇ ਸੁਹਜ-ਸੁਆਦ ਬਦਲਣ ਨਾਲ ਇਸ ਕਲਾ ਦੇ ਰੂਪ ਵਿੱਚ ਵੀ ਪਰਿਵਰਤਨ ਆਇਆ ਹੈ। ਗਹਿਣਿਆਂ ਦੀ ਘਾੜਤ ਦੇ ਕੰਮ ਦਾ ਬਹੁਤਾ ਹਿੱਸਾ ਹੁਣ ਮਸ਼ੀਨਾਂ ਨਾਲ ਕੀਤਾ ਜਾਣ ਲੱਗ ਪਿਆ ਹੈ। ਸ਼ੁੱਧ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ ਕਾਰਨ ਇਨ੍ਹਾਂ ਤੋਂ ਬਣੇ ਗਹਿਣੇ ਹੁਣ ਆਮ ਮਨੁੱਖ ਦੀ ਪਹੁੰਚ ਤੋਂ ਦੂਰ ਹੁੰਦੇ ਚਲੇ ਜਾ ਰਹੇ ਹਨ।ਬੇਸ਼ੱਕ ਮਨੁੱਖ ਦਾ ਗਹਿਣੇ ਪਹਿਨਣ ਦਾ ਮੁੱਢ-ਕਦੀਮੀ ਸ਼ੌਕ ਮਹਿੰਗਾਈ ਕਾਰਨ ਘਟਿਆ ਹੈ ਫਿਰ ਵੀ ਇਹ ਬਰਕਰਾਰ ਜ਼ਰੂਰ ਹੈ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website

WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025




# ਪ੍ਰੀਤ ਫੁਲਵਾੜੀ

## ਕਲਮ ਚ ਉੱਗਦੇ ਅੱਖਰ

ਤੂੰ ਬੰਦਸ਼ਾਂ ਲਾ ਕੇ,ਰੋਕ ਨਾ ਮੇਰੀ ਕਲਮ ਚ ਉੱਗ ਦੇ ਅੱਖਰਾਂ ਨੂੰ,
ਹਾਲੇ ਤਾਂ ਮਹਿਕਾ ਵੰਡਣ ਤੋਂ ਪਹਿਲਾਂ ਮੁਰਝਾ ਗਏ ਫੁੱਲਾਂ ਬਾਰੇ ਲਿਖਣਾ ਹੈ।।
ਗਰੀਬੀ ਦੇ ਝੰਬੇ ਕਿਸਮਤ ਦੇ ਮਾਰੇ ਜੋ ਨਾ ਖਿੜੇ ਫੁੱਲਾਂ ਬਾਰੇ ਲਿਖਣਾ ਹੈ
ਹੱਕ ਮਾਰ ਖਾਧਾ ਜਿੰਨਾਂ ਜੋਕਾਂ ਨੇ ਉਨਾਂ ਬਾਰੇ ਲਿਖਣਾ ਸਿੱਖਣਾ ਹੈ
ਤੂੰ ਬੰਦਸ਼ਾਂ ਲਾ ਕੇ ਰੋਕ ਨਾ ਮੇਰੀ ਕਲਮ ਚ ਉੱਗ ਦੇ ਅੱਖਰਾਂ ਨੂੰ
ਹਾਲੇ ਤਾਂ ਮਹਿਕਾ ਵੰਡਣ ਤੋਂ ਪਹਿਲਾਂ ਮੁਰਝਾ ਗਏ ਫੁੱਲਾਂ ਬਾਰੇ ਲਿਖਣਾ ਹੈ ,,
ਤਰੱਕੀ ਦੇ ਨਾਂ ਤੇ ਹਵਾ ਚ ਨਿੱਤ ਨਵੇਂ ਦਿਨ ਘੁੱਲਦਾ ਜਹਿਰ ਜੋ
ਆਪਣੇ ਹੀ ਆਪਣਿਆਂ ਤੇ ਸਰੇਆਮ ਢਾਉਂਦੇ ਕਹਿਰ ਜੋ
ਘੁੱਪ ਹਨੇਰੀ ਕਿਸੇ ਕੁੱਲੀ ਚ ਬਗਾਵਤ ਦੀ ਉੱਠਦੀ ਲਹਿਰ ਜੋ
ਜਬਰ ਜੁਲਮ ਨਾਲ ਲੜਨ ਲਈ ਨਿਸ਼ਾਨਾ ਮਿੱਥਣਾ ਹੈ।
ਤੂੰ ਬੰਦਸ਼ਾਂ ਲਾ ਕੇ ਰੋਕ ਨਾ ਮੇਰੀ ਕਲਮ ਚ ਉੱਗ ਦੇ ਅੱਖਰਾਂ ਨੂੰ
ਹਾਲੇ ਤਾਂ ਮਹਿਕਾ ਵੰਡਣ ਤੋਂ ਪਹਿਲਾਂ ਮੁਰਝਾ ਗਏ ਫੁੱਲਾਂ ਬਾਰੇ ਲਿਖਣਾ ਹੈ,,
ਆਪਸ ਵਿੱਚ ਵੰਡੀਆਂ ਪਾ ਕੇ ਦੇਸ਼ ਨੂੰ ਨੋਚ ਖਾਧਾ ਰਾਖਿਆ
ਉੱਕਾ ਪ੍ਰਵਾਹ ਨਾ ਕੀਤੀ ਜਾਬਰਾਂ ਫਿਕਰਮੰਦਾ ਬੜਾ ਆਖਿਆਂ
ਲਗੜਾ ਕਰ ਛੱਡਿਆ ਪੰਜਾਬ ਨੂੰ ਨਸ਼ੇ ਦੀਆਂ ਫੜਾ ਬੈਸਾਖੀਆਂ
ਜੋ ਲੜਨ ਤੋਂ ਪਹਿਲਾਂ ਹਾਰ ਗਏ ਉਨ੍ਹਾਂ ਕੀ ਜਿੱਤਣਾ ਹੈ।
ਤੂੰ ਬੰਦਸ਼ਾਂ ਲਾ ਕੇ ਰੋਕ ਨਾ ਮੇਰੀ ਕਲਮ ਚ ਉੱਗ ਦੇ ਅੱਖਰਾਂ ਨੂੰ
ਹਾਲੇ ਤਾਂ ਮਹਿਕਾ ਵੰਡਣ ਤੋਂ ਪਹਿਲਾਂ ਮੁਰਝਾ ਗਏ ਫੁੱਲਾਂ ਬਾਰੇ ਲਿਖਣਾ ਹੈ,,
ਇੱਕ ਪਾਸੇ ਬੇਸ਼ਕੀਮਤੀ ਝੜਾਵੇ ਚੜ ਰਹੇ ਏਸੇ ਕਰਕੇ ਲੜ ਰਹੇ
ਮੱਚੀ ਹਾਹਾਕਾਰ ਹੈ ਤਨ ਤੇ ਕੱਪੜਾ ਨਹੀ ਬਾਲ ਨਿਆਣੇ ਭੁੱਖੇ ਮਰ ਰਹੇ
ਸੱਚ ਲਿਖੀਏ,ਬੋਲੀਏ ਭਾਬੜ ਮੱਚਦਾ ਏ ਡਾਗਾਂ ਚੁੱਕ ਕੇ ਖੜ ਰਹੇ
ਫਾਹੇ ਲੱਗਣਾ ਕਬੂਲ ਹੈ ਸੰਧੂਆਂ ਏਸ ਜਮੀਰ ਨੇ ਨਾ ਕਦੇ ਵਿਕਣਾ ਹੈ
ਤੂੰ ਬੰਦਸ਼ਾਂ ਲਾ ਕੇ ਰੋਕ ਨਾ ਮੇਰੀ ਕਲਮ ਚ ਉੱਗ ਦੇ ਅੱਖਰਾਂ ਨੂੰ
ਹਾਲੇ ਤਾਂ ਮਹਿਕਾ ਵੰਡਣ ਤੋਂ ਪਹਿਲਾਂ ਮੁਰਝਾ ਗਏ ਫੁੱਲਾਂ ਬਾਰੇ ਲਿਖਣਾ ਹੈ,,

**ਬਲਤੇਜ ਸਿੰਘ ਸੰਧੂ ਬੁਰਜ**
**ਪਿੰਡ ਬੁਰਜ ਲੱਧਾ**
**ਜਲਿਾ ਬਠਿੰਡਾ**

## ਕਵਿਤਾ

ਮੇਰੇ ਵੱਲੋਂ ਸਾਰਿਆਂ ਨੂੰ ਨਵੇਂ ਸਾਲ
2022 ਦੀਆਂ ਬਹੁਤ ਬਹੁਤ ਮੁਬਾਰਕਾਂ,
ਹਮੇਸਾਂ ਖੁਸ ਤੇ ਹਸਦੇ ਵਸਦੇ ਰਹੋ...
ਪੇਸ ਹੈ ਕਵਿਤਾ.......
ਆਓ ਪਿਆਰੇ ਆੜੀਓ
ਆਓ ਪਿਆਰੇ ਆੜੀਓ,
ਦੋ ਚਾਰ ਗੱਲਾਂ ਸੁਣੋ ਸੁਣਾਓ।
ਜਲਦੀ ਉੱਠੋ ਸੈਰ ਨੂੰ ਜਾਓ,
ਆਲਸ ਸੁਸਤੀ ਦੂਰ ਭਜਾਓ,
ਆਪਣਾ ਆਪਣਾ ਫਰਜ ਨਿਭਾਓ।
ਨਾਹ ਧੋ ਕੇ ਸੋਹਣੀ ਵਰਦੀ ਪਾਈਏ,
ਨਾਸਤੇ ਬਿਨਾਂ ਸਕੂਲ ਨਾ ਜਾਈਏ।
ਰੋਜ ਸਮੇਂ ਸਿਰ ਪੜ੍ਹਨੇ ਜਾਓ,
ਆਪਣਾ ਆਪਣਾ..................
ਜੇਕਰ ਗੁਰੂ ਦਾ ਪਾਉਣਾ ਪਿਆਰ,
ਅਧਿਆਪਕ ਦਾ ਕਰਮ ਸਤਿਕਾਰ।
ਚਾਈਂ ਚਾਈਂ ਪਾਠ ਸੁਣਾਓ,
ਆਪਣਾ ਆਪਣਾ.................
ਵਰਦੀ ਲਾਹ ਸਕੂਲੋਂ ਜਾ ਕੇ,
ਪਹਿਲਾਂ ਦਿੱਤਾ ਕੰਮ ਮੁਕਾ ਕੇ,
ਫਿਰ ਖੇਡੋ ਤੇ ਨੱਚੋ ਗਾਓ,
ਆਪਣਾ ਆਪਣਾ................
ਕਦੇ ਨਾ ਬਣੋ ਕਿਤਾਬੀ ਕੀੜੇ,
ਮਿਹਨਤ ਕਰਕੇ ਬਣ ਜਾਓ ਹੀਰੇ।
ਮਾਪਿਆਂ ਨਾਲ ਵੀ ਹੱਥ ਵਟਾਓ,
ਆਪਣਾ ਆਪਣਾ...............
ਵਿੱਦਿਆ ਹੁੰਦੀ ਗਿਆਨ ਦਾ ਨੇਤਰ,
ਜੀਂਦਗੀ ਨੂੰ ਬਣਾਉਂਦੀ ਬਿਹਤਰ।
ਪ੍ਰੇਮ ਲਗਨ ਨਾਲ ਮੰਜਲਿ ਪਾਓ,
ਆਪਣਾ ਆਪਣਾ ਫਰਜ ਨਿਭਾਓ।

**ਮਾਸਟਰ ਪ੍ਰੇਮ ਸਰੂਪ ਛਾਜਲੀ**
**ਜ਼ਿਲ੍ਹਾ ਸੰਗਰੂਰ**

## ਚੌਂਦਵੀਂ ਦੇ ਚੰਨ ਨੂੰ

ਕਹੀਂ ਤੂੰ ਚੌਂਦਵੀਂ ਦੇ ਚੰਨ ਨੂੰ, ਨਾ ਇਉਂ ਰੁਸਨਾਇਆ ਕਰੇ
ਦੁਪੱਟਾ ਲੈ ਸਿਤਾਰਿਆਂ ਵਾਲਾ, ਖੁਆਬੀਂ ਨਾ ਆਇਆ ਕਰੇ
ਕਹੀਂ ਤੂੰ ਚੌਂਦਵੀਂ ਦੇ ਚੰਨ ਨੂੰ------------
ਮਸੱਤਕ ਤੇ ਲਕੀਰਾਂ, ਫੱਬਦੀਆਂ ਦਿਲ ਨੂੰ ਬੜਾ ਇਹੇ
ਟੋਏ ਗੱਲਾਂ ਤੇ ਜੋ ਪੈਂਦੇ, ਰਹੇ ਚੰਨ ਨੂੰ ਤਾ ਚਿੜਾ ਇਹੇ
ਗੁਲਾਬੀ ਰੰਗ, ਬੁੱਲੀਆਂ ਸੂਹੀ, ਦੁਪੱਟੇ 'ਚ ਛੁਪਾਇਆ ਕਰੇ
ਕਹੀਂ ਤੂੰ ਚੌਂਦਵੀਂ ਦੇ ਚੰਨ ਨੂੰ----------- -------
ਸੁਕਾਵੇ ਕੇਸ ਜਦ ਕਾਲੇ, ਪਏ ਨਾਗਾਂ ਨੂੰ ਗਸ ਸੁਕਣ
ਹਵਾਵਾਂ ਦੇ ਬੁੱਲੇ ਖਹਿੰਦੇ, ਚਿਲਾ ਕੇ ਮੋਰ ਵੀ ਕੂਕਣ
ਉਡਾ ਜੁਲਫਾਂ ਪਰਿੰਦੇ ਜਿਉਂ, ਨਾ ਸਕਿਰੇ ਸਤਾਇਆ ਕਰੇ
ਕਹੀਂ ਤੂੰ ਚੌਂਦਵੀਂ ਦੇ ਚੰਨ ਨੂੰ-----------------
ਪਰੀਆਂ ਤੋਂ ਸੁਨੱਖੀ ਸੀਰਤ, ਪਿਆਰੀ ਹੈ ਹੱਦ ਤੋਂ ਵਧਕੇ
ਕਿਤੇ ਆਵੇ ਨਾ ਅੱਗੇ, ਕਹੀਂ ਹੋਰਾਂ ਦੇ ਓਹ ਸਜਕੇ
ਨਹੀਂ ਉਸ ਨੂੰ ਪਤਾ ਕੀ ਹੈ ਉਹ,ਰੂਪ ਲਿਸਕਾਇਆ ਨਾ ਕਰੇ
ਕਹੀਂ ਚੌਂਦਵੀਂ ਦੇ ਚੰਨ ਨੂੰ------- ------------
ਲਿਖਾਏ ਗੀਤ "ਬਾਲੀ "ਤੋਂ, ਇਹੇ ਇਕ ਅਹਿਸਾਨ ਹੈ ਉਸਦਾ
ਇਹ ਮਰਦਾ ਯਸ ਕਰੇਗਾ, "ਰੇਤਗੜ੍ਹ "ਕਦਰਦਾਨ ਉਸਦਾ
ਕਦੇ ਝਾਂਜਰ ਪਾ ਮਲਕੇ- ਮਲਕੇ, ਦਰ ਵੀ ਖੜਕਾਇਆ ਕਰੇ
ਕਹੀਂ ਚੌਂਦਵੀਂ ਦੇ ਚੰਨ ਨੂੰ-----------,

**ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ "**
0091 9465129168

## .ਗ਼ਜ਼ਲ

'ਨਾ ਰੱਖੀਂ ਯਾਦ ਮੈਨੂੰ' ਕਹਿ ਗਿਆ ਹੈ,
ਉਹ ਤਾਂ ਹੀ ਮੇਰੇ ਮਨ ਤੋਂ ਲਹਿ ਗਿਆ ਹੈ।
ਕਿਸੇ ਮੰਜ਼ਿਲ ਤੇ ਉਸ ਨੇ ਪਹੁੰਚਣਾ ਕੀ,
ਜੋ ਰਾਹੀ ਰਾਹ ਦੇ ਵਿੱਚ ਹੀ ਬਹਿ ਗਿਆ ਹੈ।
ਕਦੇ ਉਹ ਪੁੱਤ ਵਧ ਨ੍ਹੀ ਸਕਦਾ ਅੱਗੇ,
ਕਮਾਈ ਪਿਉ ਦੀ ਤੇ ਜੋ ਬਹਿ ਗਿਆ ਹੈ।
ਤਿਜਾਰਤ ਪਿਆਰ ਨੂੰ ਜੋ ਸਮਝਦਾ ਸੀ,
ਉਹ ਕੱਲਾ ਜ਼ਿੰਦਗੀ ਵਿੱਚ ਰਹਿ ਗਿਆ ਹੈ।
ਉਹ ਹਰ ਵੇਲੇ ਦਿਸੇ ਚਿੰਤਾ 'ਚ ਡੁੱਬਿਆ,
ਉਦ ?ਹੇ ਦਿਲ ਵਿੱਚ ਕੁਝ ਤਾਂ ਬਹਿ ਗਿਆ ਹੈ।
ਉਦ ?ਹਾ ਤੇਰੇ ਬਿਨਾਂ ਸਰਨਾ ਨਹੀਂ ਸੀ,
ਉਹ ਤਾਂ ਹੀ ਜ਼ੁਲਮ ਤੇਰਾ ਸਹਿ ਗਿਆ ਹੈ।
ਉਦੋਂ ਦਾ ਭਾਰ ਲੱਗੇ ਉਹ ਪੁੱਤਾਂ ਨੂੰ,
ਜਦੋਂ ਦਾ ਮੰਜੀ ਤੇ ਪਿਉ ਬਹਿ ਗਿਆ ਹੈ।

**ਮਹਿੰਦਰ ਸਿੰਘ ਮਾਨ 9915803554**

--------------------

ਕੱਲ੍ਹ ਕੋਈ ਮਿਲਿਆ ਹੋਣਾ ਯਾਰਾ, ਜ਼ਰੂਰ ਤੈਨੂੰ,
ਤਾਂ ਹੀ ਤਾਂ ਭੁੱਲਿਆ ਲੱਗਦਾ ਆਪਣਾ ਕਸੂਰ ਤੈਨੂੰ।
ਪੀ ਕੇ ਸ਼ਰਾਬ ਤੈਨੂੰ ਭੁੱਲ ਜਾਣ ਆਪਣੇ ਵੀ,
ਦੱਸੀਂ ਕਿਹੋ ਜਿਹਾ ਚੜ੍ਹਦਾ ਇਹ ਸਰੂਰ ਤੈਨੂੰ।
ਮੈਂ ਵੇਖਦਾ ਰਿਹਾ ਚੁੱਪ ਕਰਕੇ ਤੇਰੇ ਕੰਮਾਂ ਨੂੰ,
ਕੀ ਮਿਲਣਾ ਸੀ ਭਲਾ ਮੈਨੂੰ ਐਵੇਂ ਘੂਰ ਤੈਨੂੰ।
ਇਹ ਦਿੰਦੀ ਹੈ ਸਹਾਰਾ ਮਾਰੂਥਲਾਂ 'ਚ ਸਭ ਨੂੰ,
ਨਾ ਲੱਗੇ ਚੰਗੀ, ਜੇ ਨਹੀਂ ਲੱਗਦੀ ਖਜੂਰ ਤੈਨੂੰ।
ਦਿਸਿਆ ਨਾ ਤੂੰ ਕਦੇ ਮੇਰੇ ਦਿਲ ਦੇ ਅਰਸ਼ ਉੱਤੇ,
ਏਸੇ ਲਈ ਸਮਝਦਾਂ ਮੈਂ ਚੰਨ ਬੇਨੂਰ ਤੈਨੂੰ।
ਜਦ ਕੋਲ ਸਾਡੇ ਕੁਝ ਨਾ ਫਿਰ ਕਿਉਂ ਕਿਸੇ ਤੋਂ ਡਰੀਏ?
ਦੇਵੇਗਾ ਡੋਬ ਪਰ ਮਾਇਆ ਦਾ ਗਰੂਰ ਤੈਨੂੰ।
ਤੇਰੀ ਗਰੀਬੀ ਤੋਂ ਕੀ ਲੋਕਾਂ ਨੇ ਲੈਣਾ 'ਮਾਨਾ',
ਤੇਰੇ ਹੀ ਵਧੀਆ ਸ਼ਿਅਰਾਂ ਕਰਨਾ ਮਸ਼ਹੂਰ ਤੈਨੂੰ।

**ਮਹਿੰਦਰ ਸਿੰਘ ਮਾਨ**
**ਫੋਨ 9915803554**

## ਬਾਲ ਕਵਿਤਾ: ਹਰਪ੍ਰੀਤ ਪੱਤੋ

**ਰਾਮ,ਰਾਵਣ-ਨੇਕੀ,ਬਦੀ**

ਆ ਗਿਆ ਦੁਸ਼ਹਿਰੇ ਦਾ ਤਿਉਹਾਰ ਬੱਚਿਓ।
ਵੇਖੋ ਕਿੰਨੇ ਸਜੇ ਨੇ ਬਾਜ਼ਾਰ ਬੱਚਿਓ।
ਸਾਰਿਆਂ ਦੇ ਸੋਹਣੇ ਸੋਹਣੇ ਸੂਟ ਪਾਏ ਨੇ।
ਛੋਟੇ ਬੱਚੇ ਵੱਡਿਆਂ ਦੇ ਨਾਲ ਆਏ ਨੇ।
ਮਿੰਟੂ, ਬਿੱਟੂ, ਪੱਬੀ ਅਤੇ ਤਾਰ ਬੱਚਿਓ।
ਦੁਸ਼ਿਹਰੇ ਦਾ,,,,,,,,,,,,,,,,,।
ਮੰਜਿਆਂ ਤੇ ਰੱਖੀਆਂ ਨੇ ਫੁੱਲ ਝੜੀਆਂ।
ਛੋਟੇ ਨੇ ਪਟਾਕੇ ,ਫੁੱਲਾਂ ਦੀਆਂ ਲੜੀਆਂ।
ਡੱਬਿਆਂ 'ਚ ਬੰਦ ਨੇ ਅਨਾਰ ਬੱਚਿਓ।
ਦੁਸ਼ਿਹਰੇ ਦਾ,,,,,,,,,,,,,,,,
ਦੁਸ਼ਹਿਰਾ ਵੇਖਣ ਸ਼ਾਮੀ ਪਾਪੇ ਨਾਲ ਜਾਵਾਂਗੇ।
ਪਟਾਕੇ,ਮਠਿਆਈ ਨਾਲ ਲੈ ਕੇ ਆਵਾਂਗੇ।
ਜਾਣੀ ਨੇਕੀ ਜਿੱਤ,ਬਦੀ ਹਾਰ ਬੱਚਿਓ।
ਦੁਸ਼ਿਹਰੇ ਦਾ,,,,,,,,,,,,,,,,
ਰਾਵਨ,ਕੁੰਭਕਰਨ,ਮੇਘਨਾਥ ਤਿੰਨੇ ਨੇ।
ਰਾਮ ਜੀ ਨੇ ਵੇਖੋ ਤੀਰਾਂ ਨਾਲ ਵਿੰਨ੍ਹੇ ਨੇ।
ਤਰੇਤੇ ਵਿੱਚ ਹੋਏ ਅਵਤਾਰ ਬੱਚਿਓ।
ਦੁਸ਼ਿਹਰੇ ਦਾ,,,,,,,,,,,,,,,,।
ਹੰਕਾਰ ਤੇ ਕਰੋਧ ਕਦੇ ਵੀ ਨੀਂ ਕਰਨਾ।
ਆਖ਼ਰ ਨੂੰ ਪੈਂਦਾ ਇਹਨਾਂ ਤਾਂਈ ਹਰਨਾ।
'ਪੱਤੋ'ਜਿੱਤ ਜਾਂਦੇ ਚੰਗੇ ਵਿਚਾਰ ਬੱਚਿਓ।
ਦੁਸ਼ਿਹਰੇ ਦਾ ਆਇਆ ਏ ਤਿਉਹਾਰ ਬੱਚਿਓ।
ਵੇਖੋ ਕਿੰਨੇ ਸਜੇ ਨੇ ਬਜ਼ਾਰ ਬੱਚਿਓ।

**ਹਰਪ੍ਰੀਤ ਪੱਤੋ**
**ਫੋਨ ਨੰਬਰ ::94658-21417**

## ਕਵਿਤਾ

**ਪਰਾਲੀ,ਅੱਗ ਤੇ ਪ੍ਰਦੂਸ਼ਣ**

ਜੇ ਅੱਗ ਪਰਾਲੀ ਨੂੰ ਲਾਵਾਂਗੇ।
ਦੁੱਖ ਵੀ ਅਸੀਂ ਹੀ ਪਾਵਾਂਗੇ।
ਫੈਲੇਗਾ ਧੂੰਆਂ ਜ਼ਹਿਰਾਂ ਦਾ ।
ਪ੍ਰਦੂਸ਼ਣ ਹੋਵੇਗਾ ਕਹਿਰਾਂ ਦਾ।
ਹਵਾ ਵੀ ਜ਼ਹਿਰੀਲੀ ਵੱਗੇਗੀ।
ਜੋ ਅੱਖਾਂ ਨੂੰ ਕੌੜੀ ਲੱਗੇਗੀ।
ਬਿਮਾਰੀਆਂ ਫਿਰ ਹੋਣਗੀਆਂ।
ਚਮੜੀ ਰੋਗ ਵਧਾਉਣਗੀਆਂ।
ਧਰਤੀ ਦੀ ਪਰਤ ਮੱਚ ਜਾਣੀ।
ਇਸ ਗੱਲ ਨੂੰ ਤੂੰ ਸੱਚ ਜਾਣੀ।
ਓਜ਼ੋਨ ਪਰਤ ਕਮਜ਼ੋਰ ਹੋਊ।
ਗਰਮੀ ਦਾ ਫਿਰ ਜ਼ੋਰ ਹੋਊ।
ਅੱਗੇ ਤੋਂ ਤੁਸੀਂ ਜੀ ਗੌਰ ਕਰੋ ।
ਹੁਣ ਸਮਾਂ ਹੋਰ ਨਾ ਹੋਰ ਕਰੋ।
ਕੁਦਰਤ ਪਹਿਲਾਂ ਈ ਗੁੱਸੇ ਆ।
'ਪੱਤੋ' ਸਾਰੇ ਇਸ ਤੋਂ ਰੁੱਸੇ ਆ।
ਆਪਾਂ ਵਾਤਾਵਰਨ ਬਚਾਈਏ ।
ਆਨੇ ਵਾਲੀ ਥਾਂ 'ਤੇ ਆਈਏ ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ (ਮੋਗਾ )**
**ਫੋਨ ਨੰਬਰ 94658-21417**

## ਸਵੱਛਤਾ ਹੀ ਸੇਵਾ....

ਸਫਾ ?ਈ ਦਾ ਹੈ ਰੱਖਣ ਧਿਆਨ ਬੱਚਿਓ,
ਅੱਜ ਤੋਂ ਹੀ ਲਈਏ ਆਪਾਂ ਠਾਣ ਬੱਚਿਓ,
ਖੁਦ ਤੋਂ ਹੈ ਆਪਾਂ ਸ਼ੁਰੂਆਤ ਕਰਨੀ
ਸਭ ਨੂੰ ਹੈ ਹੋਣਾ ਫਿਰ ਮਾਣ ਬੱਚਿਓ,
ਸਾਫ਼ ਥਾਵਾਂ ਹੁੰਦੀਆਂ ਪਸੰਦ ਸਭ ਨੂੰ
ਘਰ ਆਉਣ ਅਨੇਕਾਂ ਮਹਿਮਾਨ ਬੱਚਿਓ,
ਪਲਾਸਟਿਕ ਦੀ ਵਰਤੋਂ ਸਾਰੇ ਬੰਦ ਕਰ ਕੇ
ਪਾਈਏ ਆਪਣਾ ਬਣਦਾ ਯੋਗਦਾਨ ਬੱਚਿਓ।
ਪਸ਼ੂਆਂ ਦੇ ਲਈ ਹਾਨੀਕਾਰਕ ਹੁੰਦੀ ਏ
ਵਾਤਾਵਰਨ ਨੂੰ ਵੀ ਪਹੁੰਚਾਏ ਨੁਕਸਾਨ ਬੱਚਿਓ,
ਕੂੜੇ ਕਰਕਟ ਦਾ ਸਹੀ ਨਿਪਟਾਰਾ ਕਰਕੇ
ਭਵਿੱਖ ਨਾਲ ਸੰਵਾਰੀਏ ਵਰਤਮਾਨ
ਬੱਚਿਓ, ਆਪੋ ਆਪਣਾ ਸਭ ਫ਼ਰਜ ਪਛਾਣ ਕੇ
ਕੁਦਰਤ ਦੇ ਬਣੀਏ ਆਪਾਂ ਕਦਰਦਾਨ ਬੱਚਿਓ,
ਸਮਾਂ ਰਹਿੰਦੇ ਜੇ ਨਾ ਆਪਾਂ ਸੁਧਰੇ
ਸਭ ਨੂੰ ਹੈ ਹੋਣਾ ਫਿਰ ਨੁਕਸਾਨ ਬੱਚਿਓ,
ਖੁਦ ਜਾਗੋ ਨਾਲੇ ਜਗਾਓ ਸਭ ਨੂੰ
ਚਾਰੇ ਪਾਸੇ ਵੰਡੀਏ ਇਹ ਗਿਆਨ ਬੱਚਿਓ,
ਸਫ਼ਾਈ ਵਾਲੀ ਜਗ ?ਹਾ ਤੇ ਖੁਦਾਈ ਵੱਸਦੀ
ਗੁਰੂਆਂ ਦਾ ਹੈ ਇਹੋ ਫ਼ੁਰਮਾਨ ਬੱਚਿਓ,
ਇਹ ਗੱਲ ਅੱਜ ਤੋਂ ਹੀ ਪੱਲੇ ਬੰਨ ਕੇ
ਕੁਦਰਤ ਦਾ ਹੈ ਕਰਨਾ ਸਨਮਾਨ ਬੱਚਿਓ,
ਸਫ਼ਾਈ ਦਾ ਹੈ ਰੱਖਣਾ ਧਿਆਨ ਬੱਚਿਓ,
ਅੱਜ ਤੋਂ ਹੀ ਲਈਏ ਆਪਾਂ ਠਾਣ ਬੱਚਿਓ।

**ਸ.ਧਰਮਿੰਦਰ ਸਿੰਘ**
**ਸ.ਸ.ਸ.ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ)**

## ਪਿਆਰ ਨੈੱਟ ਉੱਤੇ

ਅੱਜ ਕੱਲ੍ਹ ਰਹਿ ਗਿਆ ਪਿਆਰ ਨੈੱਟ ਉੱਤੇ,
ਸਕਿਆਂ ਤੋਂ ਵੱਧ ਇਤਬਾਰ ਨੈੱਟ ਉੱਤੇ !
ਭਾਈ ਭੈਣਾਂ ਛੱਡ ਬਣੇ ਯਾਰ ਨੈੱਟ ਉੱਤੇ ,
ਯਾਰੀ ਪਈ ਸਮੁੰਦਰਾਂ ਤੋਂ ਪਾਰ ਨੈੱਟ ਉੱਤੇ !
ਪੀੜ ਪਈ ਆਪਣਿਆਂ ਕੀਤਾ ਉਪਚਾਰ ,
ਨੈੱਟ ਵਾਲ਼ਿਆਂ ਨੇ ਲਈ ਸਾਰ ਨੈੱਟ ਉੱਤੇ !
ਫੇਸਬੁੱਕ ,ਵਟਸਐਪ ,ਟਵਿੱਟਰ ਅਤੇ ਹੋਰ ਕਈ,
ਪੈ ਗਿਆ ਹੈ ਬੜਾ ਹੀ ਖਿਲਾਰ ਨੈੱਟ ਉੱਤੇ !
ਸੱਸੀ ਪੁੰਨੂ ,ਹੀਰ ਰਾਂਝਾ ,ਸੋਹਣੀ ਮਹੀਵਾਲ ਨੂੰ,
ਚੈਟਿੰਗ ਦਾ ਚੜ੍ਹਿਆ ਬੁਖਾਰ ਨੈੱਟ ਉੱਤੇ !
ਚੰਗੇ ਮਾੜੇ ਸਾਰੇ ਇਨਸਾਨ ਇੱਥੇ ਵੱਸਦੇ ,
ਲੱਭਦਾ ਨਾ ਕੋਈ ਗਮਖਾਰ ਨੈੱਟ ਉੱਤੇ !
ਭੰਗ, ਭੁੱਕੀ, ਚਿੱਟਾ ,ਦਾਰੂ ਨਸ਼ੇ ਜਿਹਾ ਵੇਖੋ ,
ਝੂੰਮਦਾ ਹੈ ਸਾਰਾ ਸੰਸਾਰ ਨੈੱਟ ਉੱਤੇ !

**ਮਦਨ ਬੰਗੜ**
9501575511, 7973114660

## ਰੁੱਤ ਵੋਟਾਂ ਦੀ

ਰੁੱਤ ਆ ਗਈ ਲਾਰੇ ਲਾਉਣ ਵਾਲੀ,
ਪੰਡਾਂ ਖੁੱਲ੍ਹਣਗੀਆਂ ਪਿੰਡ ਪਿੰਡ ਸਹਿਰ ਬੇਲੀ।
ਝੜੀ ਗ੍ਰਾਂਟਾਂ ਵਾਲੀ ਹੁਣ ਲੱਗ ਜਾਣੀ,
ਬਣਾ ਲੈਣੀ ਕਿਤੇ ਇਹਨਾਂ ਠਹਿਰ ਬੇਲੀ।
ਨਸਾ ਭੁੱਕੀ ਸਰਾਬ ਹੁਣ ਆਮ ਹੋਣਾ,
ਲਾ ਲਾ ਲੇਬਲ ਦੇਣਗੇ ਜਹਿਰ ਬੇਲੀ।
ਜੋ ਮੰਗੋਗੇ ਮਿਲੂੰਗਾ ਉਹੀ ਥੋਨੂੰ,
ਸਾਨੂੰ ਪਾ ਦਿਉ ਵੋਟਾਂ ਦੀ ਖੈਰ ਬੇਲੀ।
ਪੰਜ ਸਾਲ ਵੇਖਿਆ ਨੀ ਮੂੰਹ ਜਿਸ ਦਾ,
ਫੜਦਾ ਫਿਰਦਾ ਸਭ ਦੇ ਪੈਰ ਬੇਲੀ।
ਅਜੇ ਵੀ ਮੌਕਾ ਫੇਰ ਨਾ ਲੰਘ ਜਾਵੇ,
ਅੱਗੇ ਝੱਲਿਆਂ ਬਥੇਰਾ ਕਹਿਰ ਬੇਲੀ।
ਚੋਹੱਤਰ ਸਾਲਾਂ ਚ ਨਵਾਂ ਨੀ ਕੁਝ ਹੋਇਆ,
ਨਾ ਉੱਠੀ ਹੱਕ ਵਾਲੀ ਲਹਿਰ ਬੇਲੀ।
ਹਰਪ੍ਰੀਤ ਪੱਤੋ ਚਾਲ ਬਾਜ ਲੀਡਰਾਂ ਦੇ,
ਚੱਲਣ ਦੇਣੇ ਨੀ ਫੋਕੇ ਫਾਇਰ ਬੇਲੀ।

**ਹਰਪ੍ਰੀਤ ਪੱਤੋ ਪਿੰਡ ਪੱਤੋ**
**ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਨੈਣ ਨੈਣਾਂ ਨਾਲ

ਨੈਣ ਨੈਣਾਂ ਨਾਲ ਮਿਲਾ ,
ਸਭ ਜਾਣ ਜਾਏਗਾ ,
ਕੌਣ ਆਪਣੇ ਬੇਗਾਨੇ ,
ਸਭ ਪਹਿਚਾਣ ਜਾਏਗਾ ।
ਜਦੋਂ ਮਿਲਦੇ ਨੇ ਨੈਣ ,
ਨਾ ਪੈਂਦਾ ,ਦਿਲ ਨੂੰ ਚੈਨ
ਉਦੋਂ ਬਣਦਾ ਕਿਵੇਂ ,
ਇਸਕ ਮਹਾਨ ਜਾਏਗਾ ।
ਨੈਣ ਨੈਣਾਂ ਨਾਲ ———————
ਕੀ , ਏਨਾਂ ਦੀ ਪਰਿਭਾਸਾ
ਜਗਾਉਂਦੇ , ਦਿਲ ਵਿਚ ਆਸਾ
ਬਣਦੇ ਪਿਆਰ ਵਾਲੇ , ਕਿਵੇਂ
ਸਭ ਮਕਾਨ ਜਾਏਗਾ ।
ਨੈਣ ਨੈਣਾਂ ਨਾਲ ——————————
ਰੋਂਦੇ ਸਾਰੀ ਸਾਰੀ ਰਾਤ ,
ਪਾਉਂਦੇ ਤਾਰਿਆਂ ਨਾਲ ਬਾਤ ,
ਚੜ੍ਹਦੀ ਬਿਰਹੋਂ ਦੀ 'ਦਰਦੀ',
ਰੂਹ ਨੂੰ ਪਾਣ ਜਾਏਗਾ ।
ਨੈਣ ਨੈਣਾਂ ਨਾਲ ———————————
ਨਾ ਰੰਗ ਰੂਪ , ਇਹ ਦੇਖਣ
ਬਸ ,ਇਸਕ ਦੀ ਅੱਗ ਸੇਕਣ
ਲੱਗ , ਏਨਾਂ ਪਿਛੇ 'ਸਵਿ'
ਕਫਨ ਤੂੰ ਤਾਣ ਜਾਏਗਾ ।
ਨੈਣ ਨੈਣਾਂ ਨਾਲ ————————————

**ਸ਼ਿਵਨਾਥ ਦਰਦੀ**
**ਸੰਪਰਕ :- 9855155392**

## ਪੈਸਾ

ਕਿਉਂ ਪੈਸਾ ਪੈਸਾ ਬੰਦਿਆਂ ਕਰਦਾ ਰਹਿੰਨਾ
ਬਿਨ ਆਈ ਮੌਤ ਕਿਉਂ ਮਰਦਾ ਰਹਿੰਨਾ
ਵੇਖ ਤਰੱਕੀ ਹੋਰਾਂ ਦੀ ਅੰਦਰੋ ਅੰਦਰੀ ਸੜਦਾ ਰਹਿੰਨਾ
ਜਿਵੇਂ ਦੁੱਧ ਕਾੜਨੀ ਕੜਦਾ ਉਵੇਂ ਕੜਦਾ ਰਹਿੰਨਾ
ਝੂਠ ਫਰੇਬ ਆਪਣਿਆਂ ਤੇ ਹੀ ਜੜਦਾ ਰਹਿੰਨਾ
ਨਿੱਤ ਪਾਪ ਦੀ ਪੌੜੀ ਚੜਦਾ ਰਹਿੰਨਾ
ਨਾਲ ਕੌਣ ਲੈ ਗਿਆ
ਕਿਸਨੇ ਗੱਠਾਂ ਲੈ ਕੇ ਜਾਣੀਆਂ
ਧੰਨ ਦੌਲਤ ਦੀਆਂ ਪੰਡਾਂ
ਸੰਧੂਆਂ ਏਥੇ ਹੀ ਨੇ ਰਹਿ ਜਾਣੀਆਂ।
ਆਈ ਚਲਾਈ ਜਿਹੀ
ਚੱਲੀ ਜਾਏ ਬੱਸ ਏਨਾਂ ਬਹੁਤ ਬਥੇਰਾ ਏ
ਐ ਦੁਨੀਆਂ ਵਾਲਿਓ
ਇਹ ਪੈਸਾ ਨਾ ਤੇਰਾ ਏ ਨਾ ਮੇਰਾ ਏ।।

**ਬਲਤੇਜ ਸਿੰਘ ਸੰਧੂ ਬੁਰਜ**
9465818158

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323

Website: www.preetnama.com Email preetnamausa@gmail.com

03 OCT TO 09 OCT, 2025



# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 323 | Website: www.preetnama.com Email preetnamausa@gmail.com | 03 OCT TO 09 OCT, 2025


